

# ਸੱਚਾ ਰਾਹ

ਮੌਲਾਨਾ ਵਹੀਦੁੱਦੀਨ ਖ਼ਾਨ

# ਸੱਚਾ ਰਾਹ

ਲੇਖਕ
ਮੌਲਾਨਾ ਵਹੀਦੁੱਦੀਨ ਖ਼ਾਨ

ਪੰਜਾਬੀ ਅਨੁਵਾਦਕ
ਕੁਲਜੀਤ ਸਿੰਘ
ਡਾ. ਸਤੁਤੀ ਮਲਹੌਤਰਾ

ਗੁੱਡਲਰਡ ਬੁੱਕਸ

Hindi Translaiton of Urdu Booklet: Sachcha Rasta

First published 2025
This book is copyright free

This book is the Hindi translation of Maulana Wahiduddin Khan's Urdu book entitled *Sachcha Rasta*.

Goodword Books
A-21, Sector 4, Noida-201301, Delhi NCR, India
Tel. +91 120 4131448, Mob. +91 8588822672
email: info@goodwordbooks.com
www.goodwordbooks.com

CPS International
Centre for Peace and Spirituality International
1, Nizamuddin West Market, New Delhi-110 013, India
Mob. +91-9999944119
e-mail: info@cpsglobal.org
www.cpsglobal.org

Center for Peace and Spirituality USA
2665 Byberry Road, Bensalem, PA 19020, USA
Cell: 617-960-7156
email: kkaleemuddin@gmail.com

# ਵਿਸ਼ਾ-ਸੂਚੀ


| | |
|---|---|
| ਦੋ ਸ਼ਬਦ | ੪ |
| ਇਨਸਾਨ ਦੀ ਖ਼ੋਜ | ੭ |
| ਸੱਚ ਕੀ ਹੈ ? | ੧੨ |
| ਖ਼ਤਰੇ ਦਾ ਅਲਾਰਮ | ੧੭ |
| ਪੈਗੰਬਰ ਦੀਆਂ ਸਿੱਖਿਆਵਾਂ | ੨੩ |
| ਮੌਤ ਦੀ ਤਰਫ਼ | ੨੮ |
| ਅੰਤਿਮ ਸ਼ਬਦ | ੩੦ |

# ਦੋ ਸ਼ਬਦ

ਸੂਰਜ ਆਪਣੀ ਰੋਸ਼ਨੀ ਦੇ ਰੂਪ ਵਿਚ ਨਿਕਲਦਾ ਹੈ ਅਤੇ ਇਨਸਾਨ ਦੇ ਉੱਪਰ ਇਸ ਤਰ੍ਹਾਂ ਚਮਕਦਾ ਹੈ, ਜਿਵੇਂ ਉਹ ਕੋਈ ਸੰਦੇਸ਼ ਦੇਣਾ ਚਾਹੁੰਦਾ ਹੋਵੇ, ਪਰੰਤੂ ਉਹ ਕੁੱਝ ਕਹਿਣ ਤੋਂ ਪਹਿਲਾਂ ਡੁੱਬ ਜਾਂਦਾ ਹੈ। ਪੇੜ-ਪੌਦੇ ਆਪਣੀ ਹਰੀ-ਭਰੀ ਸ਼ਾਖਾਵਾਂ ਕੱਢਦੇ ਹਨ। ਨਦੀ ਆਪਣੀ ਲਹਿਰਾਂ ਦੇ ਨਾਲ ਵਹਿੰਦੀ ਰਹਿੰਦੀ ਹੈ। ਇਹ ਸਭ ਕੁੱਝ ਕਹਿਣਾ ਚਾਹੁੰਦੇ ਹਨ, ਪਰੰਤੂ ਇਨਸਾਨ ਉਨ੍ਹਾਂ ਦੇ ਕੋਲ ਦੀ ਨਿਕਲ ਜਾਂਦਾ ਹੈ। ਬਿਨਾਂ ਇਸਦੇ ਕਿ ਉਨਾਂ ਦੇ ਕੋਈ ਬੋਲ ਉਸਦੇ ਕੰਨ ਵਿਚ ਪਏ ਹੋਣ। ਆਸਮਾਨ ਦੀ ਉੱਚਾਈ, ਧਰਤੀ ਦੇ ਦ੍ਰਿਸ਼, ਇਹ ਸਭ ਇੱਕ ਬਹੁਤ ਵੱਡੇ 'ਸਮੂਹਿਕ' ਹਿੱਸੇਦਾਰ ਦਿਖਾਈ ਦਿੰਦੇ ਹਨ, ਪਰੰਤੂ ਉਨ੍ਹਾਂ ਵਿਚੋਂ ਹਰ ਇੱਕ ਸ਼ਾਂਤ ਖੜਿਆ ਹੋਇਆ ਹੈ। ਉਹ ਇਨਸਾਨ ਨਾਲ ਗੱਲਬਾਤ ਨਹੀਂ ਕਰਦਾ।

ਕਾਇਨਾਤ ਕੀ ਗੂੰਗੇ ਸ਼ਾਹਕਾਰਾਂ ਦਾ ਇੱਕ ਵੱਡਾ ਅਜਾਇਬਘਰ ਹੈ? ਨਹੀਂ। ਹਕੀਕਤ ਇਹ ਹੈ ਕਿ ਉਨ੍ਹਾਂ ਵਿੱਚੋਂ ਹਰ ਇੱਕ ਦੇ ਕੋਲ ਅੱਲਾਹ ਦਾ ਇੱਕ ਸੰਦੇਸ਼ ਹੈ ਅਤੇ ਉਹ ਉਸਦਾ ਅਨੰਤ ਭਾਸ਼ਾ ਵਿਚ ਪ੍ਰਸਾਰ ਕਰ ਰਿਹਾ ਹੈ, ਪਰੰਤੂ ਇਨਸਾਨ ਦੂਜੀਆਂ ਆਵਾਜਾਂ ਵਿਚ ਇੰਨ੍ਹਾਂ ਖੋਇਆ ਹੋਇਆ ਹੈ ਕਿ ਉਸ ਨੂੰ ਕਾਇਨਾਤ ਦੇ ਸ਼ਾਂਤ ਸ਼ਬਦ ਸੁਣਾਈ ਨਹੀਂ ਦਿੰਦੇ। ਪੈਗੰਬਰ ਇਸੇ ਨਿਸ਼ਬਦ ਰੱਬੀ ਵਾਰਤਾਲਾਪ ਨੂੰ ਸ਼ਬਦ ਦਿੰਦਾ ਹੈ। ਉਹ ਸ਼ਾਂਤ ਸੰਦੇਸ਼ ਨੂੰ ਸਾਡੇ ਲਈ ਸੁਣਨ ਦੇ ਯੋਗ ਬਣਾਉਂਦਾ ਹੈ। ਪੈਗੰਬਰ ਦੱਸਦੇ ਹਨ ਕਿ ਅੱਲਾਹ ਦਾ ਇਹ ਧਰਮ ਕਿਹੜਾ ਹੈ, ਜਿਸਦੀ ਉਸ ਨੂੰ ਇਨਸਾਨ ਤੋਂ ਵੀ ਉਮੀਦ ਹੈ ਅਤੇ ਬਾਕੀ ਕਾਇਨਾਤ ਤੋਂ ਵੀ।

ਰੱਬ ਨੇ ਮਨੁੱਖਤਾ ਦੀ ਸ਼ੁਰੂਆਤ ਤੋਂ ਹੀ ਪੈਗੰਬਰਾਂ ਦੁਆਰਾ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ। ਰੱਬ ਨੇ ਸਾਰੀਆਂ ਮਨੁੱਖੀ ਜਾਤੀਆਂ ਵਿੱਚ ਲੋਕਾਂ ਦੀ ਆਪਣੀ ਜਾਤੀ, ਭਾਸ਼ਾ, ਇਲਾਕੇ ਆਦਿ ਵਿੱਚ ਪੈਗੰਬਰ ਭੇਜੇ, ਤਾਂ ਕਿ ਉਹ ਇੱਕ-ਰੱਬਵਾਦ ਦਾ ਸੁਨੇਹਾ ਲੋਕਾਂ ਤੱਕ ਆਸਾਨੀ ਨਾਲ ਪਹੁੰਚਾ ਸਕਣ। ਸਮੇਂ ਦੇ ਨਾਲ ਪੈਗੰਬਰਾਂ ਦੁਆਰਾ ਲਿਆਇਆ ਸੁਨੇਹਾ ਲੋਕਾਂ ਨੇ ਆਪਣੇ ਸਵਾਰਥ ਅਤੇ ਕਮਜ਼ੋਰੀ ਦੇ ਕਾਰਨ ਬਦਲਿਆ। ਰੱਬ ਨੇ ਇਸਨੂੰ ਠੀਕ ਕਰਨ ਲਈ ਦੁਬਾਰਾ ਪੈਗੰਬਰ ਭੇਜੇ। ਪੈਗੰਬਰਾਂ ਦਾ ਇਹ ਸਿਲਸਿਲਾ ਪੂਰੇ ਮਨੁੱਖੀ ਇਤਿਹਾਸ ਵਿੱਚ ਜਾਰੀ ਰਿਹਾ ਅਤੇ ਪੈਗੰਬਰ ਮੁਹੰਮਦ ‘ਤੇ ਆ ਕੇ ਖ਼ਤਮ ਹੋ ਗਿਆ।

ਹਜ਼ਰਤ ਮੁਹੰਮਦ ‘ਤੇ ਇਹ ਸਿਲਸਿਲਾ ਇਸ ਲਈ ਖ਼ਤਮ ਹੋ ਗਿਆ, ਕਿਉਂਕਿ ਪੈਗੰਬਰ ਮੁਹੰਮਦ ਦੁਆਰਾ ਲਿਆਏ ਸੁਨੇਹੇ ‘ਕੁਰਆਨ’ ਅਤੇ ਤੁਹਾਡੀ ਜ਼ਿੰਦਗੀ ਅਤੇ ਕਹੀਆਂ ਗਈਆਂ ਗੱਲਾਂ ‘ਹਦੀਸ ਅਤੇ ਸੁੰਨਤ’ ਅੱਜ ਵੀ ਬਿਨਾਂ ਕਿਸੇ ਬਦਲਾਅ ਦੇ ਆਪਣੇ ਮੂਲ ਰੂਪ ਵਿੱਚ ਕਿਤਾਬਾਂ ਵਿੱਚ ਮੌਜੂਦ ਹਨ।

ਪੈਗੰਬਰ ਦੇ ਲਿਆਏ ਹੋਏ ਇਸ ਧਰਮ ਦੀ ਬੁਨਿਆਦ ਕੁਰਆਨ ‘ਤੇ ਹੈ, ਜੋ ਰੱਬ ਵੱਲੋਂ ਅਰਬੀ ਭਾਸ਼ਾ ਵਿੱਚ ਉਤਾਰਿਆ ਗਿਆ ਹੈ। ਫਿਰ ਇਸ ਕਿਤਾਬ ਦਾ ਵੱਧ ਵਿਸਥਾਰ ਸੁੰਨਤ ਨਾਲ ਹੁੰਦਾ ਹੈ, ਜੋ ਹਜ਼ਰਤ ਮੁਹੰਮਦ ਦੀ ਜ਼ਿੰਦਗੀ ਅਤੇ ਸਿੱਖਿਆ-ਦਿੱਖੀਆ ਦੇ ਰੂਪ ਵਿੱਚ ਕਿਤਾਬਾਂ ਦੇ ਵਿਸ਼ਾਲ ਸੰਕਲਨ ਵਿੱਚ ਕ੍ਰਮਾਨੁਸਾਰ ਮੌਜੂਦ ਹੈ। ਜੋ ਵਿਅਕਤੀ ਗੰਭੀਰਤਾ ਨਾਲ ਇਸ ਨੂੰ ਜਾਣਨਾ ਚਾਹੁੰਦਾ ਹੋਵੇ, ਉਸਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਕਿਤਾਬਾਂ ਨੂੰ ਪੜ੍ਹੇ, ਕਿਉਂਕਿ ਇਹ ਉਹ ਹੀ ਕਿਤਾਬਾਂ ਹਨ, ਜੋ ਰੱਬੀ ਧਰਮ ਨੂੰ ਸਮਝਣ ਲਈ ਵਾਸਤਵਿਕ ਸ੍ਰੋਤ ਦੀ ਹੈਸੀਅਤ ਰੱਖਦੀਆਂ ਹਨ। ਪ੍ਰਸਤੁਤ ਕਿਤਾਬ ਇਸ ਰੱਬੀ ਧਰਮ ਦੇ ਜਨਤਕ ਅਤੇ ਆਰੰਭਕ ਪਰਿਚੈ ਲਈ ਤਿਆਰ ਕੀਤੀ ਗਈ ਹੈ। ਜੇਕਰ ਇਹ ਪੜ੍ਹਨ ਵਾਲੇ ਦੇ ਅੰਦਰ ਇਹ ਸ਼ੌਕ ਪੈਦਾ ਕਰ ਦਿੰਦੀ ਹੈ ਕਿ ਉਹ ਇਸ

ਧਰਮ ਦਾ ਅਧੀਕ ਵਿਆਪਕ (ਦਏਟਓਿਲਏਦ) ਅਧਿਐਨ ਕਰਕੇ ਹਕੀਕਤ ਨੂੰ ਜਾਣਨ ਦੀ ਕੋਸ਼ਿਸ਼ ਕਰੇ, ਤਾਂ ਇਹ ਉਸ ਦੀ ਕਾਮਯਾਬੀ ਲਈ ਬਹੁਤ ਹੈ।

ਮੌਲਾਨਾ ਵਹੀਦੁੱਦੀਨ ਖ਼ਾਨ

੨੭ ਸਤੰਬਰ ੧੯੯੦

# ਇਨਸਾਨ ਦੀ ਖ਼ੋਜ

ਇਨਸਾਨ ਇੱਕ ਪੂਰਨ ਸੰਸਾਰ ਚਾਹੁੰਦਾ ਹੈ, ਪਰ ਉਹ ਇੱਕ ਅਜਿਹੇ ਸੰਸਾਰ ਵਿੱਚ ਰਹਿਣ ਲਈ ਮਜਬੂਰ ਹੈ, ਜੋ ਪੂਰਨ ਨਹੀਂ ਹੈ। ਸਾਡੀ ਖੁਸ਼ੀਆਂ ਬਹੁਤ ਹੀ ਥੋੜੇ ਸਮੇਂ ਲਈ ਹੁੰਦੀਆਂ ਹਨ। ਸਾਡੀ ਹਰ ਕਾਮਯਾਬੀ ਆਪਣੇ ਨਾਲ ਨਾਕਾਮੀ ਦਾ ਨਤੀਜਾ ਲਿਆਉਂਦੀ ਹੈ। ਅਸੀਂ ਆਪਣੀਆਂ ਉਮੀਦਾਂ ਦੀ 'ਸਵੇਰ' ਨੂੰ ਪੂਰੀ ਤਰ੍ਹਾਂ ਦੇਖ ਵੀ ਨਹੀਂ ਸਕਦੇ ਕਿ 'ਸ਼ਾਮ' ਉਸਨੂੰ ਘੇਰ ਲੈਂਦੀ ਹੈ। ਸਾਡੀ ਜ਼ਿੰਦਗੀ ਦੇ ਦਰੱਖਤ 'ਤੇ ਹਰਿਆਲੀ ਅਤੇ ਬਸੰਤ ਦੇ ਕੁੱਝ ਸਾਲ ਗੁਜ਼ਰਦੇ ਵੀ ਨਹੀਂ ਕਿ ਦੁਰਘਟਨਾ, ਬੁਢਾਪਾ ਅਤੇ ਮੌਤ ਉਸਨੂੰ ਇਸ ਤਰ੍ਹਾਂ ਖਤਮ ਕਰ ਦਿੰਦੇ ਹਨ, ਜਿਵੇਂ ਇਸ ਦੀ ਕੋਈ ਹਕੀਕਤ ਹੀ ਨਹੀਂ ਸੀ।

ਫੁੱਲ ਕਿੰਨੇ ਖੂਬਸੂਰਤ ਹੁੰਦੇ ਹਨ, ਪਰੰਤੂ ਫੁੱਲ ਸਿਰਫ਼ ਇਸ ਲਈ ਖਿੜਦੇ ਹਨ ਤਾਂ ਕਿ ਉਹ ਮੁਰਝਾ ਜਾਣ। ਸੂਰਜ ਦੀਆਂ ਕਿਰਨਾਂ ਕਿੰਨੀਆਂ ਨਰਮ ਹੁੰਦੀਆਂ ਹਨ, ਪਰੰਤੂ ਸੂਰਜ ਦੀਆਂ ਕਿਰਨਾਂ ਲਈ ਇਹ ਤੈਅ ਹੈ ਕਿ ਉਹ ਕੁੱਝ ਸਮੇਂ ਲਈ ਚਮਕਣਗੀਆਂ ਅਤੇ ਉਸਦੇ ਬਾਅਦ ਰਾਤ ਦੇ ਹਨੇਰੇ ਦਾ ਪਰਦਾ ਉਸਨੂੰ ਛੁਪਾ ਲਵੇਗਾ। ਇੱਕ ਜ਼ਿੰਦਾ ਇਨਸਾਨ ਦਾ ਕਿੰਨਾ ਚਮਤਕਾਰੀ ਅਸਤਿਤਵ ਹੈ, ਪਰੰਤੂ ਕੋਈ ਵੀ ਇਨਸਾਨ ਆਪਣੇ ਆਪ ਨੂੰ ਮੌਤ ਅਤੇ ਦੁਰਘਟਨਾਵਾਂ ਤੋਂ ਨਹੀਂ ਬਚਾ ਸਕਦਾ। ਇਹੀ ਹਾਲ ਹੈ ਇਸ ਮੌਜੂਦਾ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਦਾ ਇਹ ਸੰਸਾਰ ਇੰਨਾ ਉੱਤਮ ਅਤੇ ਅਰਥਪੂਰਨ ਹੈ ਕਿ ਇਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਇੱਥੋਂ ਦੀ ਹਰ ਖੂਬੀ ਮਿੱਟ ਜਾਣ ਵਾਲੀ ਹੈ। ਇੰਨਾ ਉੱਤਮ ਹੋਣ ਦੇ ਬਾਵਜੂਦ, ਇੱਥੋਂ ਦੀ ਹਰ ਚੀਜ਼ ਵਿੱਚ ਕੋਈ-ਨਾ-ਕੋਈ ਦੋਸ਼ ਦਾ ਪਹਿਲੂ ਹੈ, ਜੋ ਕਿਸੇ ਵੀ ਤਰੀਕੇ ਨਾਲ ਉਸ ਤੋਂ ਵੱਖ ਨਹੀਂ ਹੁੰਦਾ।

ਜੋ ਅੱਲਾਹ ਆਪਣੇ ਆਪ ਵਿੱਚ ਪੂਰਨ ਹੈ, ਉਹ ਇੱਕ ਅਜਿਹੇ ਸੰਸਾਰ ਨੂੰ ਪੈਦਾ ਕਰਨ 'ਤੇ ਸੰਤੁਸ਼ਟ ਨਹੀਂ ਹੋ ਸਕਦਾ, ਜੋ ਪੂਰਨ ਨਾ ਹੋਵੇ। ਪੂਰਨ ਦਾ ਅਪੂਰਨ 'ਤੇ ਠਹਿਰ ਜਾਣਾ ਸੰਭਵ ਨਹੀਂ। ਇਹ ਇਸ ਗੱਲ ਦਾ ਸਬੂਤ ਹੈ ਕਿ ਮੌਜੂਦਾ ਸੰਸਾਰ ਅੰਤਿਮ ਨਹੀਂ ਹੈ। ਜ਼ਰੂਰੀ ਹੈ ਕਿ ਇਸਦੇ ਬਾਅਦ ਇੱਕ ਹੋਰ ਸੰਸਾਰ ਆਏ, ਜੋ ਮੌਜੂਦਾ ਸੰਸਾਰ ਦੀਆਂ ਕਮੀ ਨੂੰ ਪੂਰਾ ਕਰਨ ਵਾਲਾ ਹੋਵੇ।

ਮੌਜੂਦਾ ਸੰਸਾਰ ਬਾਰੇ ਇਹ ਪਤਾ ਲੱਗ ਚੁੱਕਾ ਹੈ ਕਿ ਇਸਦੀ ਇੱਕ ਸ਼ੁਰੂਆਤ ਹੈ। ਇਸਦੀ ਉਤਪੱਤੀ ਲਗਭਗ ੧੪ ਬਿਲੀਅਨ ਸਾਲ ਪਹਿਲਾਂ ਇੱਕ ਵਿਸ਼ੇਸ਼ ਸਮੇਂ ਵਿੱਚ ਹੋਈ ਸੀ। ਇਸ ਤੋਂ ਸਾਬਿਤ ਹੁੰਦਾ ਹੈ ਕਿ ਇਸ ਸੰਸਾਰ ਦਾ ਇੱਕ ਰਚਨਹਾਰ ਹੈ। ਉਹ ਸਦਾ ਤੋਂ ਹੈ ਅਤੇ ਸਦਾ ਲਈ ਮੌਜੂਦ ਰਹਿਣ ਵਾਲਾ ਹੈ।

ਇਸ ਸੰਸਾਰ ਨੂੰ ਉਹੀ ਪੈਦਾ ਕਰ ਸਕਦਾ ਹੈ, ਜਿਹੜਾ ਪੈਦਾ ਨਾ ਹੋਇਆ ਹੋਵੇ, ਉਹ ਹਮੇਸ਼ਾ ਤੋਂ ਮੌਜੂਦ ਹੈ। ਜੇਕਰ ਅੱਲਾਹ ਹਮੇਸ਼ਾ ਤੋਂ ਨਾ ਹੋਵੇ ਤਾਂ ਫਿਰ ਇਹ ਸੰਸਾਰ ਕਦੇ ਵੀ ਮੌਜੂਦ ਨਾ ਹੋ ਸਕਦਾ, ਕਿਉਂਕਿ ਇਹ ਸਦਾ ਤੋਂ ਨਹੀਂ ਹੈ। ਹਕੀਕਤ ਇਹ ਹੈ ਕਿ ਅਜਿਹੇ ਸੰਸਾਰ ਨੂੰ ਮਾਨਣਾ, ਜਿਸਦੀ ਇੱਕ ਸ਼ੁਰੂਆਤ ਹੋਵੇ, ਇਹ ਜ਼ਰੂਰੀ ਹੈ ਕਿ ਅਸੀਂ ਇੱਕ ਰਚਨਹਾਰ ਨੂੰ ਮੰਨੀਏ, ਜੋ ਕਦੇ ਪੈਦਾ ਨਾ ਹੋਇਆ ਹੋਵੇ। ਪੈਦਾ ਹੋਏ ਸੰਸਾਰ ਦਾ ਮੌਜੂਦ ਹੋਣਾ ਇਸ ਗੱਲ ਨੂੰ ਸਾਬਿਤ ਕਰਦਾ ਹੈ ਕਿ ਇੱਕ ਰਚਨਹਾਰ ਮੌਜੂਦ ਹੈ, ਜੋ ਕਦੇ ਪੈਦਾ ਨਹੀਂ ਹੋਇਆ। ਜੇਕਰ ਰਚਨਹਾਰ ਹਮੇਸ਼ਾ ਤੋਂ ਨਾ ਹੁੰਦਾ, ਤਾਂ ਉਹ ਕਦੇ ਮੌਜੂਦ ਹੀ ਨਾ ਹੁੰਦਾ, ਅਤੇ ਜਦੋਂ ਰਚਨਹਾਰ ਮੌਜੂਦ ਨਾ ਹੁੰਦਾ, ਤਾਂ ਸੰਸਾਰ ਦੇ ਅਸਤਿਤਵ ਵਿੱਚ ਆਉਣ ਦਾ ਕੋਈ ਸਵਾਲ ਹੀ ਨਾ ਹੁੰਦਾ।

ਜਦੋਂ ਅਸੀਂ ਕਹਿੰਦੇ ਹਾਂ ਕਿ ਸੰਸਾਰ '੨੫ ਨਵੰਬਰ' ਨੂੰ ਪੈਦਾ ਹੋਇਆ, ਤਾਂ ਇਸਦਾ ਮਤਲਬ ਇਹ ਹੈ ਕਿ ੨੫ ਨਵੰਬਰ ਤੋਂ ਪਹਿਲਾਂ ਵੀ ਕੁੱਝ ਮੌਜੂਦ ਸੀ, ਜਿਸ ਨੇ ਇਸਨੂੰ ਪੈਦਾ ਕੀਤਾ। ਜੇਕਰ ਇਹ ਕਿਹਾ ਜਾਵੇ ਕਿ ਪੈਦਾ ਕਰਨ ਵਾਲਾ ਵੀ ਕਿਸੇ ਪਹਿਲੇ '੨੫ ਨਵੰਬਰ' ਨੂੰ ਪੈਦਾ ਹੋਇਆ ਸੀ, ਤਾਂ ਇਹ

ਗੱਲ ਬਿਲਕੁਲ ਬੇਮਤਲਬ ਹੋਵੇਗੀ। ਜੇ ਪੈਦਾ ਕਰਨ ਵਾਲਾ ਕਿਸੇ ਪਹਿਲੇ ੨੫ ਨਵੰਬਰ ਨੂੰ ਪੈਦਾ ਹੋਇਆ ਹੋਵੇ, ਤਾਂ ਉਹ ਕਦੇ ਵੀ ਪੈਦਾ ਨਹੀਂ ਹੋ ਸਕਦਾ। ਹਕੀਕਤ ਇਹ ਹੈ ਕਿ ਰਚਨਹਾਰ ਹਮੇਸ਼ਾ ਤੋਂ ਸੀ, ਇਸ ਲਈ ਉਸਨੇ ਅਜਿਹੇ ਸੰਸਾਰ ਨੂੰ ਪੈਦਾ ਕੀਤਾ, ਜੋ ਹਮੇਸ਼ਾ ਤੋਂ ਨਹੀਂ ਸੀ। ਜੇਕਰ ਉਹ ਹਮੇਸ਼ਾ ਤੋਂ ਨਾ ਹੁੰਦਾ, ਤਾਂ ਉਹ ਕਦੇ ਸਿਰੇ ਤੋਂ ਮੌਜੂਦ ਹੀ ਨਾ ਹੁੰਦਾ, ਫਿਰ ਇਸ ਨਾਸਵਾਨ ਸੰਸਾਰ ਦਾ ਅਸਤਿਤਵ ਕਿੱਥੋਂ ਆਉਂਦਾ? ਅੱਲਾਹ ਹਮੇਸ਼ਾ ਤੋਂ ਹੈ ਅਤੇ ਇਸ ਲਈ ਉਹ ਇੱਕ ਪੂਰਨ ਹਸਤੀ ਹੈ, ਕਿਉਂਕਿ ਹਮੇਸ਼ਾ ਤੋਂ ਹੋਣਾ ਸਭ ਤੋਂ ਵੱਡਾ ਕਮਾਲ ਹੈ। ਜੋ ਹਮੇਸ਼ਾ ਤੋਂ ਹੈ, ਉਹ ਲਾਜ਼ਮੀ ਪੂਰਨ ਵੀ ਹੋਵੇਗਾ। ਹਮੇਸ਼ਾ ਤੋਂ ਹੋਣਾ ਅਤੇ ਪੂਰਨਤਾ ਦੋਨੋਂ ਕਦੇ ਵੀ ਇੱਕ-ਦੂਜੇ ਤੋਂ ਵੱਖ ਨਹੀਂ ਹੋ ਸਕਦੇ।

ਮੌਜੂਦਾ ਸੰਸਾਰ ਅੱਲਾਹ ਦੇ ਗੁਣਾਂ ਦਾ ਪ੍ਰਦਰਸ਼ਨ ਹੈ, ਪਰੰਤੂ ਮੌਜੂਦਾ ਸੰਸਾਰ ਵਿੱਚ ਕਮੀਆਂ ਅਤੇ ਸੀਮਿਤਤਾ ਦਾ ਹੋਣਾ ਇਹ ਦੱਸਦਾ ਹੈ ਕਿ ਇਹ ਸੰਸਾਰ ਅੱਲਾਹ ਦੇ ਗੁਣਾਂ ਦਾ ਪੂਰਨ ਪ੍ਰਦਰਸ਼ਨ ਨਹੀਂ ਹੈ। ਪੂਰਨ ਅਤੇ ਅਨੰਤ ਅੱਲਾਹ ਦੇ ਗੁਣਾਂ ਦਾ ਪੂਰਨ ਪ੍ਰਦਰਸ਼ਨ ਉਹੀ ਹੋ ਸਕਦਾ ਹੈ, ਜੋ ਸਵੈ ਵਿੱਚ ਪੂਰਨ ਅਤੇ ਅਨੰਤ ਹੋਵੇ। ਹਕੀਕਤ ਇਹ ਹੈ ਕਿ ਸਾਡੇ ਇਸ ਸੰਸਾਰ ਨੂੰ ਹਲੇ ਇੱਕ ਹੋਰ ਸੰਸਾਰ ਦੀ ਉਡੀਕ ਹੈ। ਅੱਲਾਹ ਦੇ ਗੁਣਾਂ ਦਾ ਪ੍ਰਦਰਸ਼ਨ ਆਪਣੀ ਪੂਰਨਤਾ ਦੇ ਲਈ ਅਜੇ ਵੀ ਇੱਕ ਹੋਰ ਪ੍ਰਦਰਸ਼ਨ ਦੀ ਮੰਗ ਕਰਦਾ ਹੈ।

ਸਵਰਗ ਅੱਲਾਹ ਦਾ ਉਹ ਸੰਸਾਰ ਹੈ, ਜਿੱਥੇ ਉਸਦੇ ਗੁਣ ਆਪਣੇ ਪੂਰੇ ਕਮਾਲ ਦੇ ਨਾਲ ਪ੍ਰਗਟ ਹੋਣਗੇ। ਸਵਰਗ ਉਹਨਾਂ ਸਾਰੇ ਦੋਸ਼ਾਂ ਤੋਂ ਮੁਕਤ ਹੋਵੇਗਾ, ਜਿਨ੍ਹਾਂ ਦਾ ਅਸੀਂ ਮੌਜੂਦਾ ਸੰਸਾਰ ਵਿੱਚ ਅਨੁਭਵ ਕਰਦੇ ਹਾਂ। ਸਵਰਗ ਅੱਲਾਹ ਦੇ ਉਸ ਕਮਾਲ ਦਾ ਪ੍ਰਦਰਸ਼ਨ ਹੈ ਕਿ ਉਹ ਹਮੇਸ਼ਾ ਲਈ ਪੂਰਨਤਾ ਨੂੰ ਪੈਦਾ ਕਰ ਸਕਦਾ ਹੈ। ਉਹ ਆਨੰਦ ਨੂੰ ਅਸੀਮਿਤ ਬਣਾਉਣ ਦਾ ਅਧਿਕਾਰ ਰੱਖਦਾ ਹੈ। ਉਹ ਅਜਿਹਾ ਸੰਸਾਰ ਪੈਦਾ ਕਰ ਸਕਦਾ ਹੈ, ਜਿੱਥੇ ਅਥਾਹ ਸ਼ਾਂਤੀ ਹੋਵੇ ਅਤੇ ਜਿਸਦਾ ਸੁੱਖ ਅਤੇ ਚੈਨ ਕਦੇ ਖਤਮ ਨਾ ਹੋ ਸਕੇ।

ਹਰ ਆਦਮੀ ਇੱਕ ਅਦ੍ਰਿਸ਼ ਸ਼ਾਂਤੀ ਦੀ ਖੋਜ ਵਿੱਚ ਹੈ। ਹਰ ਆਦਮੀ ਇੱਕ ਅਜਿਹੇ ਪੂਰਨ ਸੰਸਾਰ ਦਾ ਪਿਆਸਾ ਹੈ, ਜਿਸਨੂੰ ਉਹ ਹਲੇ ਤੱਕ ਪ੍ਰਾਪਤ ਨਹੀਂ ਕਰ ਸਕਿਆ। ਇਹ ਪਿਆਸ ਇਸ ਸੰਸਾਰ ਵਿੱਚ ਅਜਨਬੀ ਨਹੀਂ। ਜੋ ਕਾਇਨਾਤ ਇੱਕ ਅਜਿਹੇ ਅੱਲਾਹ ਦੀ ਗਵਾਹੀ ਦੇ ਰਹੀ ਹੈ, ਜੋ ਹਮੇਸ਼ਾ ਤੋਂ ਹੈ, ਉੱਥੇ ਹਮੇਸ਼ਾ ਰਹਿਣ ਵਾਲੇ ਇੱਕ ਸੰਸਾਰ ਦਾ ਅਸਤਿਤਵ ਵਿਚ ਆਉਣਾ ਉਨਾਂ ਹੀ ਸੰਭਵ ਹੈ, ਜਿੰਨ੍ਹਾਂ ਖ਼ੁਦ ਇਸ ਖਤਮ ਹੋ ਰਹੇ ਸੰਸਾਰ ਦਾ ਅਸਤਿਤਵ ਵਿਚ ਆਉਣਾ, ਕਿਉਂਕਿ ਜਿਸ ਕਾਇਨਾਤ ਦਾ ਰਚਨਹਾਰ ਖੁਦ ਹਮੇਸ਼ਾ ਤੋਂ ਹੈ, ਉਹ ਆਪਣੇ ਗੁਣਾਂ ਦੇ ਅਜਿਹੇ ਕਾਇਨਾਤ ਦੇ ਪ੍ਰਦਰਸ਼ਨ 'ਤੇ ਸੰਤੁਸ਼ਟ ਨਹੀਂ ਹੋ ਸਕਦਾ, ਜੋ ਖਤਮ ਹੋਣ ਵਾਲੀ ਹੋ। ਜਿਸ ਅੱਲਾਹ ਨੇ 'ਕੁੱਝ ਨਹੀਂ' (ਨੋਟਹਿਨਗ) ਤੋਂ 'ਕੁੱਝ ਵੀ' (ਸੋਮਣਟਹਿਨਗ) ਨੂੰ ਪੈਦਾ ਕੀਤਾ, ਉਹ ਯਕੀਨਨ 'ਕੁੱਝ ਵੀ' ਵਿੱਚ ਹਮੇਸ਼ਾ ਰਹਿਣ ਦੀ ਸ਼ਾਨ ਵੀ ਪੈਦਾ ਕਰ ਸਕਦਾ ਹੈ ਅਤੇ ਯਕੀਨਨ ਦੂਜਾ ਕਾਰਨਾਮਾ ਪਹਿਲੇ ਕਾਰਨਾਮੇ ਨਾਲੋਂ ਕੁੱਝ ਮੁਸ਼ਕਲ ਨਹੀਂ ਹੈ।

ਅੱਲਾਹ ਹਮੇਸ਼ਾ ਤੋਂ ਹੈ ਅਤੇ ਹਮੇਸ਼ਾ ਰਹੇਗਾ। ਇਹ ਅੱਲਾਹ ਦਾ ਇੱਕ ਬਹੁਤ ਹੀ ਉੱਚੇ ਦਰਜੇ ਦਾ ਕਮਾਲ ਹੈ। ਇਸ ਕਮਾਲ ਵਿੱਚ ਉਸਦਾ ਕੋਈ ਵੀ ਭਾਗੀਦਾਰ ਨਹੀਂ। ਇਹ ਐਸਾ ਕਮਾਲ ਹੈ, ਜੋ ਸਿਰਫ ਇੱਕ ਅੱਲਾਹ ਦੇ ਲਈ ਹੀ ਉਚਿਤ ਹੈ। ਉਹ ਜੰਨਤ, ਜੋ ਅੱਲਾਹ ਦੇ ਇਨ੍ਹਾਂ ਗੁਣਾਂ ਦਾ ਪ੍ਰਦਰਸ਼ਨ ਹੈ, ਉਹ ਅਜਿਹੀ ਹੈਰਾਨ ਕਰਨ ਵਾਲੀ ਚੀਜ਼ ਹੋਵੇਗੀ, ਜਿਸਦੀ ਅੱਜ ਕੋਈ ਇਨਸਾਨ ਕਲਪਨਾ ਵੀ ਨਹੀਂ ਕਰ ਸਕਦਾ। ਉਹ ਖ਼ੂਬਸੂਰਤੀ, ਜਿਸਦੇ ਲਈ ਕਦੇ ਮੁਰਝਾਣਾ ਨਾ ਹੋਵੇ। ਉਹ ਆਨੰਦ, ਜੋ ਕਦੇ ਖਤਮ ਹੋਣ ਵਾਲਾ ਨਾ ਹੋਵੇ। ਉਹ ਲੁਤਫ਼, ਜਿਸਦਾ ਸਿਲਸਲਾ ਹਮੇਸ਼ਾ ਜਾਰੀ ਰਹੇ। ਉਮੀਦਾਂ ਅਤੇ ਇਛਾਵਾਂ ਦਾ ਉਹ ਸੰਸਾਰ, ਜਿਸਦੇ ਗੁਣਾਂ ਦਾ ਕਦੇ ਪਤਨ ਨਾ ਹੋਵੇ, ਅਜਿਹਾ ਸਵਰਗਿਕ ਸੰਸਾਰ ਇੰਨੀ ਹੈਰਾਨੀ ਵਾਲੀ ਸੀਮਾ ਤੱਕ ਆਨੰਦਮਈ ਹੋਵੇਗਾ ਕਿ ਇਨਸਾਨ ਨੀਂਦ ਵਿੱਚ ਵੀ ਉਸਨੂੰ ਛੱਡਣਾ ਨਹੀਂ ਚਾਹੇਗਾ, ਭਾਵੇਂ ਉਸ 'ਤੇ ਅਰਬਾਂ-ਖਰਬਾਂ ਸਾਲ ਕਿਉਂ ਨਾ ਬੀਤ ਜਾਣ।

ਇਨਸਾਨ ਹਮੇਸ਼ਾ ਇੱਕ ਅਜਿਹੇ ਜੀਵਨ ਦੀ ਖੋਜ ਵਿੱਚ ਰਹਿੰਦਾ ਹੈ, ਜਿਸ ਵਿੱਚ ਉਸਨੂੰ ਹਮੇਸ਼ਾ ਸੁੱਖ ਪ੍ਰਾਪਤ ਹੋਵੇ। ਇਹ ਤਲਾਸ਼ ਸਹੀ ਵੀ ਹੈ ਅਤੇ ਇਨਸਾਨੀ ਪ੍ਰਕ੍ਰਿਤੀ ਦੇ ਅਨੁਸਾਰ ਵੀ, ਪਰੰਤੂ ਸਾਡੇ ਸੁਪਨਿਆਂ ਦਾ ਇਹ ਜੀਵਨ ਸਾਨੂੰ ਮੌਜੂਦਾ ਸੰਸਾਰ ਵਿੱਚ ਨਹੀਂ ਮਿਲ ਸਕਦਾ। ਮੌਜੂਦਾ ਸੰਸਾਰ ਵਿੱਚ ਅਨੰਤ ਆਨੰਦ ਦੀ ਵਿਵਸਥਾ ਕਰਨਾ ਸੰਭਵ ਨਹੀਂ। ਇੱਥੇ ਉਹ ਸਾਧਨ ਉਪਲਬਧ ਨਹੀਂ, ਜੋ ਅਨੰਤ ਆਨੰਦ ਅਤੇ ਸੁਖਮਈ ਸੰਸਾਰ ਨੂੰ ਬਣਾਉਣ ਲਈ ਜ਼ਰੂਰੀ ਹਨ।

ਪੈਗੰਬਰ ਨੇ ਦੱਸਿਆ ਕਿ ਮੌਜੂਦਾ ਸੰਸਾਰ ਨੂੰ ਅੱਲਾਹ ਨੇ ਇਮਤਿਹਾਨ ਦੀ ਜਗ੍ਹਾ ਬਣਾਇਆ ਹੈ, ਨਾ ਕਿ ਇਨਾਮ ਪ੍ਰਾਪਤ ਕਰਨ ਦੀ ਜਗ੍ਹਾ। ਇੱਥੇ ਸਿਰਫ਼ ਉਹ ਸਾਧਨ ਇਕੱਠੇ ਕੀਤੇ ਗਏ ਹਨ, ਜੋ ਆਦਮੀ ਦੇ ਇਮਤਿਹਾਨ ਲਈ ਜ਼ਰੂਰੀ ਹਨ। ਸੁੱਖ ਅਤੇ ਖੁਸ਼ੀ ਨਾਲ ਭਰਪੂਰ ਹਮੇਸ਼ਾ ਦੀ ਜੀਵਨ ਪ੍ਰਾਪਤ ਕਰਨ ਲਈ ਜਿਨ੍ਹਾਂ ਸਾਧਨਾਂ ਦੀ ਲੋੜ ਹੈ, ਉਹ ਦੂਜੇ ਸੰਸਾਰ ਵਿੱਚ ਉਪਲਬਧ ਹੋਣਗੇ, ਜੋ ਮੌਜੂਦਾ ਸੰਸਾਰ ਦੇ ਬਾਅਦ ਸਾਡੇ ਸਾਹਮਣੇ ਆਉਣ ਵਾਲਾ ਹੈ। ਸਾਡੇ ਅਤੇ ਉਸ ਅਗਲੇ ਸੰਸਾਰ ਦੇ ਵਿਚਕਾਰ ਮੌਤ ਦਾ ਫ਼ਾਸਲਾ ਹੈ। ਮੌਤ ਇਨਸਾਨ ਦੇ ਇਮਤਿਹਾਨ ਦੀ ਸਮਾਪਤੀ ਦਾ ਸਮਾਂ ਹੈ ਅਤੇ ਉਸ ਨਾਲ ਆਉਣ ਵਾਲੇ ਸਥਾਈ ਸੰਸਾਰ ਵਿੱਚ ਜਾਣ ਦਾ ਵੀ।

ਜੋ ਆਦਮੀ ਇਹ ਚਾਹੁੰਦਾ ਹੋਵੇ ਕਿ ਉਸਨੂੰ ਉਸਦੇ ਸੁਪਨਿਆਂ ਦੀ ਜ਼ਿੰਦਗੀ ਪ੍ਰਾਪਤ ਹੋਵੇ, ਉਸਨੂੰ ਮੌਜੂਦਾ ਸੰਸਾਰ ਵਿੱਚ ਆਪਣੇ ਸਵਰਗ ਬਣਾਉਣ ਦੀਆਂ ਬੇਕਾਰ ਦੀਆਂ ਕੋਸ਼ਿਸ਼ਾਂ ਵਿੱਚ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਇਸ ਦੀ ਬਜਾਏ, ਉਸਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਮੌਜੂਦਾ ਸੰਸਾਰ ਵਿੱਚ ਹੋ ਰਹੇ ਇਮਤਿਹਾਨ ਵਿੱਚ ਪੂਰਾ ਉਤਰੇ। ਉਹ ਸੰਸਾਰ ਵਿੱਚ ਅੱਲਾਹ ਦਾ ਬੰਦਾ ਬਣਕੇ ਜ਼ਿੰਦਗੀ ਗੁਜ਼ਾਰੇ। ਉਹ ਪੂਰੀ ਇਮਾਨਦਾਰੀ ਨਾਲ

ਪੈਗੰਬਰ ਦੀ ਪਾਲਣਾ(ਡੋਲਲੋ)ਕਰੇ। ਉਹ ਆਪਣੀ ਆਜ਼ਾਦੀ ਨੂੰ ਅੱਲਾਹ ਦੇ ਆਦੇਸ਼ਾਂ ਦੀ ਪਾਬੰਦੀ ਵਿੱਚ ਸਮਰਪਿਤ ਕਰ ਦੇਵੇ।

ਜੋ ਲੋਕ ਅੱਜ ਦੇ ਇਮਤਿਹਾਨ ਵਿੱਚ ਪੂਰੇ ਉਤਰਣਗੇ, ਉਹ ਅਗਲੀ ਜ਼ਿੰਦਗੀ ਵਿੱਚ ਆਪਣੇ ਸੁਪਨਿਆਂ ਦਾ ਸੰਸਾਰ ਪ੍ਰਾਪਤ ਕਰਨਗੇ। ਜੋ ਲੋਕ ਇਮਤਿਹਾਨ ਵਿੱਚ ਨਾਕਾਮ ਰਹਿਣਗੇ, ਉਹ ਜ਼ਿੰਦਗੀ ਦੇ ਅਗਲੇ ਪੜਾਅ ਵਿੱਚ ਇਸ ਹਾਲ ਵਿੱਚ ਪਹੁੰਚਣਗੇ ਕਿ ਹਮੇਸ਼ਾ ਦੀ ਬਰਬਾਦੀ ਦੇ ਸਿਵਾ ਕੁੱਝ ਵੀ ਨਹੀਂ ਹੋਵੇਗਾ, ਜੋ ਉੱਥੇ ਉਨ੍ਹਾਂ ਦਾ ਸਵਾਗਤ ਕਰੇ।

# ਸੱਚ ਕੀ ਹੈ ?

ਇੱਕ ਬਿੰਦੂ ਤੋਂ ਦੂਜੇ ਬਿੰਦੂ ਤੱਕ ਸਿੱਧੀ ਰੇਖਾ ਸਿਰਫ਼ ਇੱਕ ਹੁੰਦੀ ਹੈ। ਇਸੇ ਤਰ੍ਹਾਂ ਬੰਦੇ ਨੂੰ ਅੱਲਾਹ ਤੱਕ ਪਹੁੰਚਾਉਣ ਵਾਲਾ ਸਿੱਧਾ ਰਸਤਾ ਵੀ ਕੋਈ ਇੱਕ ਹੀ ਰਸਤਾ ਹੋ ਸਕਦਾ ਹੈ। ਇਸ ਰਸਤੇ ਦਾ ਨਾਮ ਸੱਚ ਹੈ। ਹੁਣ ਸਵਾਲ ਇਹ ਹੈ ਕਿ ਉਹ ਸੱਚ ਕੀ ਹੈ ਅਤੇ ਉਸਦੀ ਖੋਜ ਕਿਸ ਪ੍ਰਕਾਰ ਕੀਤੀ ਜਾਵੇ?

ਸਾਡੀ ਖੁਸ਼ਕਿਸਮਤੀ ਨਾਲ ਸੱਚਾਈ ਜਿਸ ਤਰ੍ਹਾਂ ਇੱਕ ਹੈ, ਉਸੀ ਤਰ੍ਹਾਂ ਉਹ ਮੈਦਾਨ ਵਿੱਚ ਵੀ ਤਨਹਾ ਹੈ। ਇੱਥੇ ਕਈ ਚੀਜ਼ਾਂ ਨਹੀਂ ਹਨ, ਜਿਨ੍ਹਾਂ ਵਿਚ ਚੋਣ ਦਾ ਸਵਾਲ ਹੋਵੇ। ਇੱਥੇ ਤਾਂ ਇੱਕ ਹੀ ਚੀਜ਼ ਹੈ ਅਤੇ ਸਾਡੇ ਲਈ ਇਸਦੇ ਸਿਵਾ ਹੋਰ ਕੋਈ ਵਿਕਲਪ ਨਹੀਂ ਹੈ ਕਿ ਅਸੀਂ ਇਸ ਇੱਕ ਨੂੰ ਮੰਨ ਲਈਏ। ਇਹ ਇੱਕਲੌਤਾ ਸੱਚ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਹਨ। ਜੇਕਰ ਕੋਈ ਇਨਸਾਨ ਸੱਚ ਦੀ ਖੋਜ ਵਿੱਚ ਹਕੀਕਤ ਵਿੱਚ ਗੰਭੀਰ ਹੋਵੇ ਤਾਂ ਉਹ ਪਾਵੇਗਾ ਕਿ ਅੱਲਾਹ ਨੇ ਉਸਨੂੰ ਚੋਣ ਦੇ ਇਮਤਿਹਾਨ ਵਿੱਚ ਨਹੀਂ ਪਾਇਆ।

"ਤਾਂ ਉਹ ਹੀ ਅੱਲਾਹ ਤੁਹਾਡਾ ਅਸਲੀ ਰੱਬ ਹੈ। ਮਾਰਗ ਦਰਸ਼ਨ ਮਿਲਣ ਉਪਰੰਤ ਨਾ ਮੰਨਣਾ ਹੋਰ ਕੀ ਹੈ? ਕੇਵਲ ਭਟਕਨਾ। ਤੁਸੀਂ ਕਿੱਧਰ ਫਿਰੀ ਜਾਂਦੇ ਹੋ ?" (ਕੁਰਆਨ, ੧੦:੩੨)

ਦਰਸ਼ਨਸ਼ਾਸਤਰ (ਪਹਿਲੋਸੋਪਹੇ) ਸੱਚ ਦੀ ਖੋਜ ਵਿੱਚ ਘੱਟ-ਤੋਂ-ਘੱਟ ਪੰਜ ਹਜ਼ਾਰ ਸਾਲ ਤੋਂ ਕੋਸ਼ਿਸ਼ ਵਿੱਚ ਲੱਗਿਆ ਹੋਇਆ ਹੈ, ਪਰੰਤੂ ਉਸਦੀ ਲੰਬੀ ਖੋਜ ਨੇ ਉਸਨੂੰ ਸਿਰਫ਼ ਇਸ ਥਾਂ ਤੱਕ ਪਹੁੰਚਾਇਆ ਹੈ ਕਿ ਉਹ ਖ਼ੁਦ ਸਵੀਕਾਰ ਕਰ ਰਿਹਾ ਹੈ ਕਿ ਉਹ ਆਖਰੀ ਸੱਚ ਤੱਕ ਨਹੀਂ ਪਹੁੰਚ ਸਕਿਆ ਅਤੇ ਨਾ ਹੀ ਕਦੇ ਪਹੁੰਚ ਸਕਦਾ ਹੈ। ਦਰਸ਼ਨਸ਼ਾਸਤਰ ਦਾ ਤਰੀਕਾ ਇਹ ਹੈ ਕਿ ਉਹ ਬੌਧਿਕ ਚਿੰਤਨ-ਮਨਨ ਦੇ ਮਾਧਿਅਮ ਨਾਲ ਸੱਚ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ, ਪਰ ਬੁੱਧੀ ਆਪਣੇ ਗਿਆਨ ਦੀ ਹੱਦ ਵਿੱਚ ਸੋਚਦੀ ਹੈ ਅਤੇ ਸੱਚ ਦਾ ਮਾਮਲਾ ਇੱਕ ਐਸਾ ਮਾਮਲਾ ਹੈ, ਜਿਸ ਬਾਰੇ ਕੋਈ ਵਾਸਤਵਿਕ ਰਾਏ ਬਣਾਉਣ ਲਈ ਸੰਪੂਰਨ ਸੰਸਾਰ ਦਾ ਗਿਆਨ ਹੋਣਾ ਜ਼ਰੂਰੀ ਹੈ। ਕੋਈ ਦਾਰਸ਼ਨਿਕ (ਪਹਿਲੋਸੋਪਹਏਰ) ਕਦੇ ਪੂਰੀ ਕਾਇਨਾਤ ਦੇ ਗਿਆਨ ਤੱਕ ਨਹੀਂ ਪਹੁੰਚ ਸਕਦਾ, ਇਸਲਈ ਉਹ ਸੱਚ ਬਾਰੇ ਕੋਈ ਆਖਰੀ ਰਾਏ ਵੀ ਨਹੀਂ ਬਣਾ ਸਕਦਾ।

ਵਿਗਿਆਨ ਨੇ ਇਸ ਮਾਮਲੇ ਵਿੱਚ ਖ਼ੁਦ ਨੂੰ ਮੈਦਾਨ ਵਿੱਚ ਖੜਾ ਹੀ ਨਹੀਂ ਕੀਤਾ ਹੈ। ਵਿਗਿਆਨ ਆਪਣੀ ਖੋਜ ਉਹਨਾਂ ਮਾਮਲਿਆਂ ਵਿੱਚ ਜਾਰੀ ਕਰਦਾ ਹੈ, ਜਿੱਥੇ ਵਾਰ-ਵਾਰ ਦੇ ਅਨੁਭਵ ਦੇ ਜ਼ਰੀਏ ਨਿਸ਼ਕਰਸ਼ ਤੱਕ ਪਹੁੰਚਣਾ ਸੰਭਵ ਹੋਵੇ। ਵਿਗਿਆਨ ਫੁੱਲ ਦੀ ਰਸਾਇਣਕਤਾ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੈ, ਪਰ ਉਹ ਫੁੱਲ ਦੀ ਖ਼ੁਸ਼ਬੂ ਨੂੰ ਆਪਣੀ ਚਰਚਾ ਤੋਂ ਖਾਰਜ ਕਰ ਦੇਂਦਾ ਹੈ, ਕਿਉਂਕਿ ਫੁੱਲ ਦੇ ਰਸਾਇਣਕ ਤੱਤ ਤੋਲੇ ਅਤੇ ਮਾਪੇ ਜਾ ਸਕਦੇ ਹਨ, ਪਰ ਫੁੱਲ ਦੀ ਖ਼ੁਸ਼ਬੂ ਨੂੰ ਤੌਲਣ ਅਤੇ ਮਾਪਣ ਦਾ ਕੋਈ ਜ਼ਰੀਆ ਵਿਗਿਆਨ ਦੇ ਪਾਸ ਨਹੀਂ। ਇਸ ਤਰ੍ਹਾਂ ਵਿਗਿਆਨ ਨੇ ਆਪਣੀ ਚਰਚਾ ਦੀ ਹੱਦ ਨੂੰ ਖ਼ੁਦ

ਹੀ ਸੀਮਤ ਕਰ ਲਿਆ ਹੈ। ਇਸ ਲਈ ਵਿਗਿਆਨ ਨੇ ਪਹਿਲਾਂ ਹੀ ਇਹ ਸਵੀਕਾਰ ਕਰ ਲਿਆ ਹੈ ਕਿ ਉਹ ਹਕੀਕਤਾਂ ਦੇ ਸੰਸਾਰ ਦੇ ਸਿਰਫ਼ ਅੰਸ਼ਿਕ ਪਹਿਲੂ ਤੋਂ ਹੀ ਚਰਚਾ ਕਰਦਾ ਹੈ। ਉਹ ਪੂਰੇ ਸੱਚ ਬਾਰੇ ਕੋਈ ਚਰਚਾ ਕਰਨ ਦੀ ਸਥਿਤੀ ਵਿੱਚ ਨਹੀਂ।

ਅਧਿਆਤਮਿਕ (ਸਪਿਰਿਟੁਅਲ) ਲੋਕਾਂ ਦਾ ਦਾਅਵਾ ਹੈ ਜਾਂ ਘੱਟ-ਤੋਂ-ਘੱਟ ਉਹਨਾਂ ਦੇ ਮੰਨਣ ਵਾਲੇ ਇਹ ਵਿਸ਼ਵਾਸ ਰੱਖਦੇ ਹਨ ਕਿ ਉਹ ਸੱਚ ਨੂੰ ਜਾਣਦੇ ਹਨ ਅਤੇ ਸੱਚ ਦੇ ਬਾਰੇ ਪੱਕੀ ਜਾਣਕਾਰੀ ਦੇ ਸਕਦੇ ਹਨ, ਪਰ ਇਸ ਵਿਸ਼ਵਾਸ ਲਈ ਕੋਈ ਬੁਨਿਆਦ ਨਹੀਂ। ਅਧਿਆਤਮਿਕ ਲੋਕ ਆਪਣੇ ਦਾਅਵੇ ਦੇ ਅਨੁਸਾਰ ਜਿਸਦਾ ਜ਼ਰੀਆ ਸੱਚ ਤੱਕ ਪਹੁੰਚਣ ਲਈ ਉਪਯੋਗ ਕਰਦੇ ਹਨ, ਉਹ ਆਧਿਆਤਮਿਕ ਅਭਿਆਸ ਹੈ, ਪਰ ਨਾਮਮਾਤਰ ਦਾ ਅਧਿਆਤਮਿਕ ਅਭਿਆਸ ਹਕੀਕਤ ਵਿੱਚ ਸਰੀਰਕ ਅਭਿਆਸ ਹੈ ਅਤੇ ਸਰੀਰਕ ਅਭਿਆਸਾਂ ਦੇ ਜ਼ਰੀਏ ਅਧਿਆਤਮਿਕ ਖੋਜ ਸਵੈ ਇੱਕ ਬੇਬੁਨਿਆਦੀ ਗੱਲ ਹੈ। ਦੂਜਾ ਇਹ ਕਿ ਕੋਈ ਵੀ ਅਧਿਆਤਮਿਕ ਵਿਅਕਤੀ ਆਪਣੇ ਵਿਅਕਤਿਤਵ ਵਿੱਚ ਉਨਾਂ ਸੀਮਾਵਾਂ ਤੋਂ ਪਰੇ ਨਹੀਂ ਹੈ, ਜਿਨ੍ਹਾਂ ਸੀਮਾਵਾਂ ਦਾ ਸ਼ਿਕਾਰ ਉਹ ਜਿਵੇਂ ਹੋਰ ਸਾਰੇ ਇਨਸਾਨ ਹਨ। ਦੂਜੇ ਇਨਸਾਨ ਆਪਣੀਆਂ ਉਨਾਂ ਸੀਮਾਵਾਂ ਕਾਰਨ ਸੱਚ ਤੱਕ ਨਹੀਂ ਪਹੁੰਚ ਸਕਦੇ, ਉਹੀ ਸੀਮਾਵਾਂ ਖੁਦ ਉਨ੍ਹਾਂ ਅਧਿਆਤਮਿਕ ਲੋਕਾਂ ਦੇ ਰਸਤੇ ਵਿੱਚ ਵੀ ਰੁਕਾਵਟ ਹਨ। ਕਿਸੇ ਵੀ ਪ੍ਰਕਾਰ ਦਾ ਅਭਿਆਸ ਇਨਸਾਨ ਨੂੰ ਉਸ ਦੀ ਪ੍ਰਾਕ੍ਰਿਤਿਕ ਸੀਮਾਵਾਂ ਤੋਂ ਮੁਕਤ ਨਹੀਂ ਕਰ ਸਕਦਾ। ਇਸ ਲਈ ਕਿਸੇ ਵੀ ਪ੍ਰਕਾਰ ਦਾ ਅਭਿਆਸ ਉਸਨੂੰ ਪੂਰੇ ਸੱਚ ਤੱਕ ਨਹੀਂ ਪਹੁੰਚਾ ਸਕਦਾ।

ਇਸ ਤੋਂ ਬਾਅਦ ਮੈਦਾਨ ਵਿੱਚ ਸਿਰਫ਼ ਪੈਗੰਬਰ ਰਹਿ ਜਾਂਦੇ ਹਨ। ਪੈਗੰਬਰ ਉਹ ਇਨਸਾਨ ਹੈ, ਜੋ ਇਹ ਕਹਿੰਦਾ ਹੈ ਕਿ ਰੱਬ ਨੇ ਉਸਨੂੰ ਚੁਣਿਆ ਹੈ ਅਤੇ ਉਹਨਾਂ 'ਤੇ ਸੱਚ ਦਾ ਗਿਆਨ ਉਤਾਰਿਆ ਹੈ, ਤਾਂ ਕਿ ਉਹ ਉਸਨੂੰ ਦੂਜੇ ਸਾਰੇ ਲੋਕਾਂ ਤੱਕ ਪਹੁੰਚਾ ਦੇਵੇ। ਆਪਣੀ ਪ੍ਰਕਿਰਤੀ ਦੀ ਸੀਮਾ ਤੱਕ ਇਹ ਸਿਰਫ਼

ਇੱਕ ਦਾਅਵਾ ਹੈ, ਜੋ ਇਸ ਮਾਮਲੇ ਵਿੱਚ ਵਿਸ਼ਵਾਸ ਦੇ ਯੋਗ ਹੈ, ਕਿਉਂਕਿ ਸੱਚ ਦਾ ਵਾਸਤਵਿਕ ਗਿਆਨ ਸਿਰਫ਼ ਰੱਬ ਨੂੰ ਹੀ ਹੋ ਸਕਦਾ ਹੈ, ਜੋ ਅਨਾਦੀ ਅਤੇ ਅਨੰਤ ਹੈ ਅਤੇ ਸਾਰੀ ਹਕੀਕਤਾਂ ਨਾਲ ਪ੍ਰਤੱਖ ਤਰ੍ਹਾਂ ਜਾਣੂ ਹੈ। ਰੱਬ ਦਾ ਰੱਬ ਹੋਣਾ ਹੀ ਇਹ ਸਾਬਤ ਕਰਨ ਲਈ ਕਾਫੀ ਹੈ ਕਿ ਉਹ ਸੱਚ ਦਾ ਪੂਰਾ ਗਿਆਨ ਰੱਖਦਾ ਹੋਵੇ, ਇਸ ਲਈ ਜੋ ਇਨਸਾਨ ਇਹ ਕਹਿੰਦਾ ਹੈ ਕਿ ਉਸਨੂੰ ਪ੍ਰਤੱਖ ਰੂਪ ਵਿੱਚ ਰੱਬ ਦੀ ਪਾਸੋਂ ਸੱਚ ਦਾ ਗਿਆਨ ਪ੍ਰਾਪਤ ਹੋਇਆ ਹੈ, ਉਸਦਾ ਦਾਅਵਾ ਹਕੀਕਤ ਵਿੱਚ ਇਸ ਯੋਗ ਹੈ ਕਿ ਇਸ ਮਾਮਲੇ ਵਿੱਚ ਉਸਦਾ ਆਦਰ ਕੀਤਾ ਜਾਵੇ।

ਇੱਥੇ ਇੱਕ ਪ੍ਰਸ਼ਨ ਹੈ। ਪੈਗੰਬਰ ਸਾਡੇ ਸੰਸਾਰ ਵਿੱਚ ਇੱਕ ਨਹੀਂ, ਬਲਕਿ ਬਹੁਤ ਸਾਰੇ ਹਨ। ਉਨ੍ਹਾਂ ਦੀਆਂ ਕਿਤਾਬਾਂ ਵੀ ਕਈਂ ਹਨ, ਫਿਰ ਕਿਸ ਪੈਗੰਬਰ ਨੂੰ ਮੰਨਿਆ ਜਾਵੇ? ਜੇ ਇਨਸਾਨ ਸੱਚ ਦੀ ਖੋਜ ਵਿੱਚ ਗੰਭੀਰ ਹੋਵੇ ਤਾਂ ਇਸ ਸਵਾਲ ਦਾ ਜਵਾਬ ਪ੍ਰਾਪਤ ਕਰਨ ਵਿੱਚ ਕੋਈ ਮੁਸ਼ਕਲ ਨਹੀਂ। ਨਿਸ਼ਚਿਤ ਤੌਰ 'ਤੇ ਭੂਤਕਾਲ ਵਿੱਚ ਰੱਬ ਨੇ ਬਹੁਤ ਸਾਰੇ ਪੈਗੰਬਰ ਭੇਜੇ, ਪਰ ਇਨਸਾਨ ਦੇ ਕੋਲ ਭੂਤਕਾਲ ਦੀ ਕਿਸੇ ਵੀ ਘਟਨਾ ਨੂੰ ਮੰਨਣ ਦਾ ਇੱਕਮਾਤ੍ਰ ਮਾਪਦੰਡ ਇਹ ਹੈ ਕਿ ਉਸਦਾ ਇਤਿਹਾਸਿਕ ਪ੍ਰਮਾਣ ਉਪਲਬਧ ਹੋਵੇ ਅਤੇ ਇੱਕ ਦੇ ਅਤਿਰਿਕਤ ਦੂਜੇ ਸਾਰੇ ਪੈਗੰਬਰ ਉਸ ਮਨੁੱਖੀ ਮਾਪਦੰਡ 'ਤੇ ਪੂਰੇ ਨਹੀਂ ਉਤਰਦੇ। ਅੱਜ ਇੱਕ ਹੀ ਪੈਗੰਬਰ ਇਤਿਹਾਸਿਕ ਪੈਗੰਬਰ ਹੈ ਅਤੇ ਦੂਜੇ ਸਾਰੇ ਪੈਗੰਬਰ ਹੁਣ ਵਿਵਹਾਰਿਕ ਰੂਪ ਵਿੱਚ ਆਸਥਾ 'ਤੇ ਟਿਕੇ ਹੋਏ ਪੈਗੰਬਰ ਹਨ।

ਸੰਸਾਰ ਵਿੱਚ ਜਿੰਨੇ ਵੀ ਪੈਗੰਬਰ ਆਏ ਹਨ, ਉਨ੍ਹਾਂ ਵਿੱਚ ਸਿਰਫ਼ ਇੱਕ ਹੀ ਪੈਗੰਬਰ ਹੈ, ਜਿਸ ਨੂੰ ਪੂਰਨ ਅਰਥਾਂ ਵਿੱਚ ਇਤਿਹਾਸਿਕ ਰੂਪ ਵਿੱਚ ਸਾਬਤ ਹੋਣ ਦਾ ਦਰਜਾ ਪ੍ਰਾਪਤ ਹੈ ਅਤੇ ਉਹ ਪੈਗੰਬਰ ਹਜ਼ਰਤ ਮੁਹੰਮਦ ਸਨ। ਆਪ ਜੀ ਬਾਰੇ ਹਰ ਗੱਲ ਇਤਿਹਾਸਿਕ ਰੂਪ ਵਿੱਚ ਜਾਣਕਾਰੀ ਅਤੇ ਸਾਬਤ ਹੈ। ਮੌਜੂਦਾ ਸਮੇਂ ਦੇ ਕਿਸੇ ਇਨਸਾਨ ਬਾਰੇ ਅਸੀਂ ਜਿੰਨਾ ਜਾਣਦੇ ਹਾਂ, ਉਸ ਨਾਲੋਂ

ਵੱਧ ਅਸੀਂ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਬਾਰੇ ਜਾਣਦੇ ਹਾਂ। ਤੁਹਾਡੇ ਅਤਿਰਿਕਤ ਦੂਜੇ ਸਾਰੇ ਪੈਗੰਬਰ ਪਰੰਪਰਾਵਾਂ ਦੇ ਹਨੇਰੇ ਵਿੱਚ ਗੁੰਮ ਹਨ। ਉਨ੍ਹਾਂ ਬਾਰੇ ਪੂਰੀ ਇਤਿਹਾਸਿਕ ਜਾਣਕਾਰੀ ਉਪਲਬਧ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਦੀਆਂ ਦਿੱਤੀਆਂ ਕਿਤਾਬਾਂ ਅੱਜ ਆਪਣੇ ਮੂਲ ਰੂਪ ਵਿੱਚ ਸੁਰੱਖਿਅਤ ਹਨ। ਇਹ ਸਿਰਫ਼ ਹਜ਼ਰਤ ਮੁਹੰਮਦ ਹਨ, ਜਿਨ੍ਹਾਂ ਦੀ ਜ਼ਿੰਦਗੀ ਦੇ ਬਾਰੇ ਇਤਿਹਾਸਿਕ ਰੂਪ ਵਿੱਚ ਪੂਰੀ ਜਾਣਕਾਰੀ ਹੈ ਅਤੇ ਉਹ ਕਿਤਾਬ ਵੀ ਬਿਨਾਂ ਕਿਸੇ ਬਦਲਾਅ ਦੇ ਅਸਲੀ ਹਾਲਤ ਵਿੱਚ ਮੌਜੂਦ ਹੈ, ਜਿਸ ਨੂੰ ਤੁਸੀਂ ਇਹ ਕਹਿ ਕੇ ਲੋਕਾਂ ਦੇ ਹਵਾਲੇ ਕੀਤਾ ਸੀ ਕਿ ਇਹ ਮੇਰੇ ਕੋਲ ਰੱਬ ਵੱਲੋਂ ਆਈ ਹੈ।

ਹਕੀਕਤ ਇਹ ਹੈ ਕਿ ਸਿਰਫ਼ ਗਿਆਨ ਅਤੇ ਬੌਧਿਕ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ 'ਸੱਚ ਕੀ ਹੈ' ਦੇ ਸਵਾਲ ਦਾ ਜਵਾਬ ਨਾ ਸਿਰਫ਼ ਵਿਚਾਰਿਕ ਰੂਪ ਤੋਂ ਇੱਕ ਹੈ, ਸਗੋਂ ਵਿਵਹਾਰਕ ਰੂਪ ਵਿੱਚ ਵੀ ਮੈਦਾਨ ਵਿੱਚ ਸਿਰਫ਼ ਇੱਕ ਹੀ ਜਵਾਬ ਮੌਜੂਦ ਹੈ। ਇੱਥੇ ਦੂਜਾ ਕੋਈ ਜਵਾਬ ਹਕੀਕਤ ਵਿੱਚ ਮੌਜੂਦ ਹੀ ਨਹੀਂ। ਸਾਨੂੰ ਕਈ ਜਵਾਬਾਂ ਵਿੱਚੋਂ ਇੱਕ ਜਵਾਬ ਚੁਣਨਾ ਨਹੀਂ ਹੈ, ਬਲਕਿ ਸਿਰਫ਼ ਇੱਕ ਮੌਜੂਦ ਜਵਾਬ ਨੂੰ ਸਵੀਕਾਰ ਕਰਨਾ ਹੈ।

ਇਹ ਸੱਚ ਰੱਬੀ ਵਾਣੀ ਹੈ ਅਤੇ ਅੱਲਾਹ ਦੀ ਬਾਣੀ ਹਮੇਸ਼ਾਂ ਇੱਕ ਰਹਿੰਦੀ ਹੈ। ਜਿਸ ਤਰ੍ਹਾਂ ਸੰਸਾਰ ਦੀ ਦੂਜੀਆਂ ਚੀਜ਼ਾਂ ਦੇ ਲਈ ਅੱਲਾਹ ਦਾ ਆਦੇਸ਼ ਹਮੇਸ਼ਾਂ ਇੱਕ ਹੈ, ਉਸੇ ਤਰ੍ਹਾਂ ਇਨਸਾਨ ਲਈ ਵੀ ਅੱਲਾਹ ਦਾ ਆਦੇਸ਼ ਇੱਕ ਹੈ ਅਤੇ ਹਮੇਸ਼ਾਂ ਇੱਕ ਹੀ ਰਹੇਗਾ। ਜ਼ਮੀਨ ਅਤੇ ਆਸਮਾਨ ਦਾ ਕਾਨੂੰਨ ਅਰਬਾਂ ਸਾਲਾਂ ਬੀਤਣ ਦੇ ਬਾਵਜੂਦ ਵੀ ਨਹੀਂ ਬਦਲਦਾ। ਦਰਖ਼ਤ ਅਤੇ ਪਾਣੀ ਦੇ ਸਿਧਾਂਤ, ਜੋ ਇੱਕ ਥਾਂ ਤੇ ਹੁੰਦੇ ਹਨ, ਉਹੀ ਦੂਜੀ ਥਾਂ ਤੇ ਵੀ ਹੁੰਦੇ ਹਨ। ਇਹੀ ਸਥਿਤੀ ਇਨਸਾਨ ਦੇ ਬਾਰੇ ਅੱਲਾਹ ਦੇ ਆਦੇਸ਼ ਦੀ ਵੀ ਹੈ। ਇਨਸਾਨ ਦੇ ਬਾਰੇ ਅੱਲਾਹ ਦਾ ਜੋ ਆਦੇਸ਼ ਹੈ, ਉਹ ਅੱਜ ਵੀ ਉਹੀ ਹੈ, ਜੋ ਹਜ਼ਾਰਾਂ ਸਾਲ ਪਹਿਲਾਂ ਸੀ। ਉਹ ਇੱਕ ਦੇਸ਼ ਦੇ ਇਨਸਾਨਾਂ ਲਈ ਵੀ ਉਹੀ ਹੈ, ਜੋ ਦੂਜੇ ਦੇਸ਼ ਦੇ ਇਨਸਾਨਾਂ ਲਈ।

ਜ਼ਿੰਦਗੀ ਦੇ ਕੁੱਝ ਪਹਿਲੂ ਅਜਿਹੇ ਹਨ, ਜੋ ਬਦਲਦੇ ਰਹਿੰਦੇ ਹਨ, ਜਿਵੇਂ— ਸਵਾਰੀਆਂ, ਮਕਾਨ ਆਦਿ, ਪਰ ਸੱਚ ਦਾ ਸਬੰਧ ਇਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਨਹੀਂ। ਸੱਚ ਦਾ ਸਬੰਧ ਉਸ ਇਨਸਾਨ ਨਾਲ ਹੈ, ਜੋ ਹਮੇਸ਼ਾਂ ਇੱਕ ਹਾਲਤ ਵਿੱਚ ਰਹਿੰਦਾ ਹੈ। ਸੱਚ ਦਾ ਸਬੰਧ ਇਸ ਨਾਲ ਹੈ ਕਿ ਆਦਮੀ ਕਿਸਨੂੰ ਆਪਣਾ ਰਚੈਤਾ ਅਤੇ ਸਵਾਮੀ ਸਮਝਦਾ ਹੈ? ਉਹ ਕਿਸ ਦੇ ਸਾਹਮਣੇ ਝੁੱਕਦਾ ਹੈ ਅਤੇ ਕਿਸਦੀ ਇਬਾਦਤ ਕਰਦਾ ਹੈ? ਉਹ ਕਿਸ ਤੋਂ ਡਰਦਾ ਹੈ ਅਤੇ ਕਿਸ ਨਾਲ ਪਿਆਰ ਕਰਦਾ ਹੈ? ਉਹ ਆਪਣੀ ਸਫਲਤਾ ਅਤੇ ਅਸਫਲਤਾ ਨੂੰ ਕਿਸ ਮਾਪਦੰਡ ਨਾਲ ਜਾਂਚਦਾ ਹੈ? ਉਸਦੀ ਜ਼ਿੰਦਗੀ ਦਾ ਮਕਸਦ ਅਤੇ ਉਸਦੀ ਭਾਵਨਾਵਾਂ ਦਾ ਕੇਂਦਰ ਬਿੰਦੂ ਕੀ ਹੋਵੇ? ਲੋਕਾਂ ਦੇ ਵਿਚ ਰਹਿੰਦੇ ਹੋਏ ਉਹ ਕਿਹੜੇ ਨਿਯਮਾਂ ਦੇ ਅਧੀਨ ਉਨ੍ਹਾਂ ਨਾਲ ਵਿਵਹਾਰ ਕਰੇ?

ਸੱਚ ਦਾ ਸਬੰਧ ਜ਼ਿੰਦਗੀ ਦੇ ਇਨ੍ਹਾਂ ਮਾਮਲਿਆਂ ਨਾਲ ਹੈ ਅਤੇ ਇਹ ਮਾਮਲੇ ਉਹ ਹਨ, ਜਿਨ੍ਹਾਂ ਦਾ ਕੋਈ ਸਬੰਧ ਯੁੱਗ ਜਾਂ ਜਗ੍ਹਾ ਨਾਲ ਨਹੀਂ। ਇਨ੍ਹਾਂ ਦੀ ਹਰ ਜਗ੍ਹਾ ਤੇ ਅਤੇ ਹਰ ਦੌਰ ਵਿੱਚ ਸਮਾਨ ਤੌਰ 'ਤੇ ਹਰ ਇੱਕ ਤੋਂ ਉਮੀਦ ਕੀਤੀ ਜਾਂਦੀ ਹੈ। ਅੱਲਾਹ ਇੱਕ ਹੈ ਅਤੇ ਅਨੰਤ ਹੈ। ਠੀਕ ਇਸੇ ਤਰ੍ਹਾਂ ਸੱਚ ਵੀ ਇੱਕ ਹੈ ਅਤੇ ਇਸਦੇ ਨਾਲ ਅਨੰਤ ਵੀ।

## ਖ਼ਤਰੇ ਦਾ ਅਲਾਰਮ

ਜ਼ਿੰਦਗੀ ਦੀ ਹਕੀਕਤ ਕੀ ਹੈ? ਆਮ ਆਦਮੀ ਇਸ ਤਰਾਂ ਦੇ ਸਵਾਲਾਂ ਵਿੱਚ ਉਲਝਣਾ ਪਸੰਦ ਨਹੀਂ ਕਰਦਾ। ਉਹ ਸੋਚਦਾ ਹੈ ਕਿ ਜੋ ਕੁੱਝ ਹੈ, ਬਸ ਇਹੀ ਦੁਨਿਆਵੀ ਜਿੰਦਗੀ ਹੈ। ਇੱਥੇ ਇੱਜ਼ਤ ਅਤੇ ਸ਼ਾਂਤੀ ਦੇ ਨਾਲ ਆਪਣੀ ਉਮਰ

ਪੂਰੀ ਕਰ ਲਵੋ। ਇਸ ਦੇ ਬਾਅਦ ਨਾ ਤੁਸੀਂ ਹੋਵੋਂਗੇ ਅਤੇ ਨਾ ਤੁਹਾਡੀ ਕੋਈ ਸਮੱਸਿਆ। ਦੂਜੇ ਲੋਕ ਉਹ ਹਨ, ਜੋ ਇਸ ਸਵਾਲ ਬਾਰੇ ਸੋਚਦੇ ਹਨ, ਪਰੰਤੂ ਉਹਨਾਂ ਦਾ ਸੋਚਣਾ ਦਾਰਸ਼ਨਿਕ ਸ਼ੈਲੀ ਵਿੱਚ ਹੁੰਦਾ ਹੈ। ਅਜਿਹੇ ਲੋਕਾਂ ਦੀ ਸਾਰੀ ਕੋਸ਼ਿਸ਼ ਸਿਰਫ ਇਹ ਹੁੰਦੀ ਹੈ ਕਿ ਮੌਜੂਦਾ ਸੰਸਾਰ ਦੀ ਕੋਈ ਸਿਧਾਂਤਿਕ ਵਿਆਖਿਆ ਪ੍ਰਾਪਤ ਕਰ ਲਉ। ਇਸ ਤਰਾਂ ਦੀ ਦਾਰਸ਼ਨਿਕ ਵਿਆਖਿਆ ਗਿਣਤੀ ਵਿੱਚ ਵੱਖ-ਵੱਖ ਹੋਣ ਦੇ ਬਾਵਜੂਦ ਸਿਰਫ ਵਿਆਖਿਆ ਹੈ। ਉਹ ਆਦਮੀ ਲਈ ਕੋਈ ਵਿਅਕਤੀਗਤ ਸਮੱਸਿਆ ਪੈਦਾ ਨਹੀਂ ਕਰਦੀ। ਇੱਕ ਵਿਸ਼ਵਾਤਮਾ ਆਪਣੀ ਪੂਰਤੀ ਲਈ ਪੂਰੇ ਕਾਰਖਾਨੇ ਨੂੰ ਚਲਾ ਰਹੀ ਹੈ ਜਾਂ ਸਾਰੀਆਂ ਚੀਜ਼ਾਂ ਕਿਸੇ ਵੱਡੀ ਚੀਜ਼ ਦਾ ਅੰਸ਼ ਹਨ। ਇਸ ਤਰਾਂ ਦੇ ਸਿਧਾਂਤਿਕ ਤਰਕ-ਵਿਤਰਕ ਨਾਲ ਇੱਕ ਆਦਮੀ ਦਾ ਵਿਅਕਤੀਗਤ ਸੰਬੰਧ ਕੀ ਹੈ?

ਤੀਸਰੇ ਕਿਸਮ ਦੇ ਲੋਕ ਉਹ ਹਨ, ਜਿਨ੍ਹਾਂ ਕੋਲ ਇਸ ਸਵਾਲ ਦਾ ਕੋਈ-ਨ-ਕੋਈ ਧਾਰਮਿਕ ਜਵਾਬ ਹੈ, ਪਰ ਇਨ੍ਹਾਂ ਵਿੱਚ ਵੀ ਆਦਮੀ ਲਈ ਕੋਈ ਗੰਭੀਰਤਾ ਦਾ ਪਹਿਲੂ ਨਹੀਂ। ਇਨ੍ਹਾਂ ਵਿੱਚੋਂ ਕਿਸੇ ਦੇ ਨਜ਼ਦੀਕ ਰੱਬ ਦਾ ਪੁੱਤ ਸਾਰੇ ਇਨਸਾਨਾਂ ਦੇ ਅਪਰਾਧਾਂ ਦਾ ਕਫ਼ਾਰਾ[੧] (ਓਟੋਨਇਮਏਨਟ) ਬਣ ਚੁੱਕਾ ਹੈ। ਕਿਸੇ ਦੇ ਨਜ਼ਦੀਕ ਜਿੰਦਗੀ ਸਾਡੀ ਚੇਤਨਾ ਤੋਂ ਪਰੇ ਇੱਕ ਜ਼ਬਰਦਸਤੀ ਦਾ ਚੱਕਰਵਿਊ ਹੈ। ਆਦਮੀ ਇੱਕ ਜ਼ਬਰਦਸਤੀ ਦੀ ਪ੍ਰਬੰਧ ਦੇ ਅੰਤਰਗਤ ਵਾਰ-ਵਾਰ ਜਨਮ ਲੈਂਦਾ ਹੈ ਅਤੇ ਵਾਰ-ਵਾਰ ਮਰਦਾ ਹੈ। ਕੋਈ ਕਹਿੰਦਾ ਹੈ ਕਿ ਆਦਮੀ ਦੇ ਜੋ ਕੁੱਝ ਇਨਾਮ ਅਤੇ ਦੰਡ ਹਨ, ਉਹੀ ਸੰਸਾਰ ਦੀ ਜ਼ਿੰਦਗੀ ਵਿੱਚ ਹਨ ਆਦਿ।

ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਬਾਰੇ ਇਸ ਤਰ੍ਹਾਂ ਦੇ ਜਿੰਨੇ ਵੀ ਜਵਾਬ ਹਨ, ਉਹ ਆਪਸ ਵਿੱਚ ਇੱਕ-ਦੂਜੇ ਤੋਂ ਬਹੁਤ ਵੱਖਰੇ ਹਨ, ਪਰ ਇਸ ਦ੍ਰਿਸ਼ਟੀ ਤੋਂ ਸਾਰੇ ਇੱਕ ਹਨ ਕਿ ਉਨ੍ਹਾਂ ਵਿੱਚੋਂ ਕੋਈ ਵੀ ਐਸਾ ਨਹੀਂ, ਜੋ ਇੱਕ-ਇੱਕ

---

੧ ਕਿਸੇ ਪਾਪ ਤੋਂ ਸ਼ੁੱਧੀ ਲਈ ਕੀਤਾ ਜਾਣ ਵਾਲਾ ਕਰਮ, ਪ੍ਰਾਇਸ਼ਚਿਤ।

ਆਦਮੀ ਦੇ ਲਈ ਵਿਅਕਤੀਗਤ ਰੂਪ ਵਿੱਚ ਕੋਈ ਗੰਭੀਰ ਸਮੱਸਿਆ ਪੈਦਾ ਕਰਦਾ ਹੋਵੇ। ਇਹ ਜਵਾਬ ਜਾਂ ਤਾਂ ਜੋ ਕੁੱਝ ਹੋ ਰਿਹਾ ਹੈ, ਉਸਦੀ ਕੇਵਲ ਵਿਆਖਿਆ ਹਨ ਜਾਂ ਸਾਡੇ ਲਈ ਕੇਵਲ ਇੱਕ ਪ੍ਰਕਾਰ ਦੀ ਅਧਿਆਤਮਿਕ ਸੰਤੁਸ਼ਟੀ ਪ੍ਰਾਪਤ ਕਰਨ ਦਾ ਸਾਧਨ ਹਨ। ਉਹ ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਹਨ, ਜਿਸਨੂੰ ਕਿਸੇ ਵੱਡੇ ਖਤਰੇ ਦਾ ਅਲਾਰਮ ਕਿਹਾ ਜਾ ਸਕੇ।

ਪਰੰਤੂ ਪੈਗ਼ੰਬਰੇ-ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦਾ ਜਵਾਬ ਇਨ੍ਹਾਂ ਸਾਰੇ ਜਵਾਬਾਂ ਤੋਂ ਪੂਰੀ ਤਰ੍ਹਾਂ ਵੱਖਰਾ ਹੈ। ਦੂਜੇ ਜਵਾਬਾਂ ਵਿੱਚੋਂ ਕੋਈ ਵੀ ਜਵਾਬ ਵੀ ਆਦਮੀ ਲਈ ਨਿੱਜੀ ਸਵਾਲ ਨਹੀਂ ਬਣਦਾ, ਉਹ ਆਦਮੀ ਲਈ ਕੋਈ ਗੰਭੀਰ ਸਮੱਸਿਆ ਪੈਦਾ ਨਹੀਂ ਕਰਦਾ, ਪਰ ਪੈਗੰਬਰ-ਇਸਲਾਮ ਦਾ ਜਵਾਬ ਇੱਕ-ਇੱਕ ਆਦਮੀ ਨੂੰ ਅਜਿਹੇ ਖਤਰਨਾਕ ਕਿਨਾਰੇ 'ਤੇ ਖੜਾ ਕਰ ਰਿਹਾ ਹੈ, ਜਿਸ ਤੋਂ ਬਾਅਦ ਉਸਦਾ ਅਗਲਾ ਕਦਮ ਜਾਂ ਤਾਂ ਤਬਾਹੀ ਦੇ ਭਿਆਨਕ ਖੱਡੇ ਵਿੱਚ ਪੈ ਜਾਣ ਵਾਲਾ ਹੈ ਜਾਂ ਸਫਲਤਾ ਦੇ ਸਥਾਈ ਸੰਸਾਰ ਵਿੱਚ। ਇਸਦੀ ਮੰਗ ਹੈ ਕਿ ਹਰ ਆਦਮੀ ਆਪਣੇ ਬਾਰੇ ਬਹੁਤ ਗੰਭੀਰ ਹੋ ਜਾਵੇ। ਉਹ ਹਨੇਰੇ ਵਿੱਚ ਚੱਲਣ ਵਾਲੇ ਉਸ ਯਾਤਰੀ ਤੋਂ ਵੀ ਵੱਧ ਗੰਭੀਰ ਹੋ ਜਾਵੇ, ਜਿਸਦੀ ਟਾਰਚ ਅਚਾਨਕ ਉਸਨੂੰ ਸੂਚਨਾ ਦੇਵੇ ਕਿ ਉਸਦੇ ਸਾਹਮਣੇ ਬਿਲਕੁਲ ਅਗਲੇ ਕਦਮ 'ਤੇ ਕਾਲਾ ਸੱਪ ਰਿੰਗ ਰਿਹਾ ਹੈ।

ਹਜ਼ਰਤ ਮੁਹੰਮਦ ਸਾਹਿਬ ਨੇ ਜੋ ਸੰਦੇਸ਼ ਦਿੱਤਾ, ਉਹ ਸਾਰੀ ਦੁਨੀਆਂ ਲਈ ਬਹੁਤ ਵੱਡੀ ਚੇਤਾਵਨੀ ਹੈ। ਤੁਸੀਂ ਦੱਸਿਆ ਕਿ ਮੌਜੂਦਾ ਸੰਸਾਰ ਦੇ ਬਾਅਦ ਇੱਕ ਹੋਰ ਵਿਸ਼ਾਲ ਸੰਸਾਰ ਆਉਣ ਵਾਲਾ ਹੈ, ਜਿਸਦਾ ਨਾਮ ਪਰਲੋਕ ਹੈ। "ਹੇ ਈਮਾਨ ਵਾਲਿਓ। ਉਨਾਂ ਚੀਜਾਂ ਵਿਚੋਂ ਖਰਚ ਕਰੋ ਜਿਹੜੀਆਂ ਅਸੀਂ ਤੁਹਾਨੂੰ ਦਿੱਤੀਆਂ ਹਨ ਅਤੇ ਉਸ ਦਿਨ ਦੇ ਆਉਣ ਤੋਂ ਪਹਿਲਾਂ ਜਿਸ ਵਿਚ ਨਾ ਲੈਣ ਦੇਣ ਹੈ, ਨਾ ਮਿਤਰਤਾ ਅਤੇ ਨਾ ਸਿਫਾਰਿਸ਼"। (ਕੁਰਆਨ, ੨:੨੫੪)

ਉੱਥੇ ਹਰ ਆਦਮੀ ਦਾ ਹਿਸਾਬ ਲਿੱਤਾ ਜਾਵੇਗਾ ਅਤੇ ਹਰ ਆਦਮੀ ਨੂੰ ਉਸਦੀ

ਜਾਂ ਤਾਂ ਸਥਾਈ ਸਜ਼ਾ ਮਿਲੁਗੀ ਜਾਂ ਸਥਾਈ ਪੁਰਸਕਾਰ। ਮੌਜੂਦਾ ਸੰਸਾਰ ਵਿੱਚ ਜੋ ਚੀਜ਼ਾਂ ਆਦਮੀ ਦਾ ਸਹਾਰਾ ਬਣੀਆਂ ਹੋਈਆਂ ਹਨ, ਉਹਨਾਂ ਵਿੱਚੋਂ ਕੋਈ ਵੀ ਚੀਜ਼ ਉੱਥੇ ਕਿਸੇ ਦੇ ਕੰਮ ਨਹੀਂ ਆਵੇਗੀ।

ਹਜ਼ਰਤ ਮੁਹੰਮਦ ਸਾਹਿਬ ਦੀ ਇਹ ਚੇਤਾਵਨੀ ਤੁਹਾਡੇ ਵਜੂਦ ਨੂੰ ਹਰ ਆਦਮੀ ਦਾ ਨਿੱਜੀ ਸਵਾਲ ਬਣਾ ਦਿੰਦੀ ਹੈ। ਇਸਦੇ ਅਨੁਸਾਰ ਹਰ ਆਦਮੀ ਇੱਕ ਬਹੁਤ ਹੀ ਗੰਭੀਰ ਨਤੀਜੇ ਦੇ ਕਿਨਾਰੇ ਖੜਿਆ ਹੋਇਆ ਹੈ। ਉਹ ਜਾਂ ਤਾਂ ਤੁਹਾਡੀ ਸੂਚਨਾ 'ਤੇ ਵਿਸ਼ਵਾਸ ਕਰਕੇ ਤੁਹਾਡੇ ਨਿਰਦੇਸ਼ ਦੇ ਅਨੁਸਾਰ ਸਥਾਈ ਸਵਰਗ ਵਿੱਚ ਜਾਣ ਦੀ ਤਿਆਰੀ ਕਰੇ ਜਾਂ ਤੁਹਾਡੀ ਸੂਚਨਾ ਨੂੰ ਅਣਡਿੱਠਾ ਕਰ ਦੇ ਅਤੇ ਲਾਪਰਵਾਹੀ ਦੀ ਜ਼ਿੰਦਗੀ ਬਿਤਾ ਕੇ ਸਥਾਈ ਨਰਕ ਦਾ ਖ਼ਤਰਾ ਮੌਲ ਲੈ ਲਵੇ।

ਇੱਥੇ ਦੋ ਚੀਜ਼ਾਂ ਹਨ, ਜੋ ਇਸ ਮਾਮਲੇ ਨੂੰ ਹੋਰ ਗੰਭੀਰ ਬਣਾ ਰਹੀਆਂ ਹਨ। ਤੁਹਾਡੇ ਇਲਾਵਾ ਹੋਰ ਲੋਕ ਜੋ ਇਸ ਮਾਮਲੇ ਵਿੱਚ ਕੁੱਝ ਕਹਿ ਰਹੇ ਹਨ, ਉਹਨਾਂ ਦੀ ਪੁਸ਼ਟੀਕਰਨ (ਚੋਨਡਿਰਮਓਟਿਨ) ਬਹੁਤ ਹੀ ਸ਼ੱਕੀ ਹੈ। ਉਹ ਲੋਕ ਜੋ ਕਮਾਉਣ ਅਤੇ ਮਰ ਜਾਣ ਨੂੰ ਸਭ ਕੁੱਝ ਸਮਝਦੇ ਹਨ, ਉਹਨਾਂ ਦੇ ਕੋਲ ਆਪਣੇ ਵਿਚਾਰਾਂ ਲਈ ਸਿਰੇ ਤੋਂ ਕੋਈ ਤਰਕ ਨਹੀਂ ਹੈ। ਉਹਨਾਂ ਦਾ ਬੌਧਿਕ ਢਾਂਚਾ ਬਿਨਾਂ ਕਿਸੇ ਤਰਕ ਦੇ ਸਿਰਫ ਨਕਾਰਤਮਕ ਭਾਵਨਾਵਾਂ 'ਤੇ ਆਧਾਰਿਤ ਹੈ। ਦਾਰਸ਼ਨਿਕ (ਪਹਿਲੋਸੋਪਹਿਚਓਲ) ਸ਼ੈਲੀ ਵਿੱਚ ਗੱਲ ਕਰਨ ਵਾਲੇ ਲੋਕਾਂ ਦੇ ਕੋਲ ਵੀ ਤਰਕ ਦੇ ਨਾਮ 'ਤੇ ਸਿਰਫ ਅਨੁਮਾਨ ਹਨ। ਉਹਨਾਂ ਨੂੰ ਨਾ ਤਾਂ ਆਪਣੀ ਰਾਏ 'ਤੇ ਵਿਸ਼ਵਾਸ ਹੈ ਅਤੇ ਨਾ ਹੀ ਉਹ ਕੋਈ ਅਜਿਹੀ ਗੱਲ ਪੇਸ਼ ਕਰਦੇ ਹਨ, ਜਿਸ 'ਤੇ ਦੂਜਾ ਆਦਮੀ ਵਿਸ਼ਵਾਸ ਕਰ ਸਕੇ।

ਇਸ ਤੋਂ ਬਾਅਦ ਉਹ ਲੋਕ ਹਨ, ਜੋ ਪੈਗੰਬਰਾਂ ਅਤੇ ਧਾਰਮਿਕ ਕਿਤਾਬਾਂ ਦੇ ਸੰਦਰਭ ਵਿੱਚ ਗੱਲ ਕਰ ਰਹੇ ਹਨ। ਇਹ ਸਿਧਾਂਤਿਕ ਤੌਰ 'ਤੇ ਆਪਣੇ ਪਿੱਛੇ ਇੱਕ ਵਿਸ਼ਵਾਸਯੋਗ ਆਧਾਰ ਰੱਖਦੇ ਹਨ, ਪਰ ਜਿਨ੍ਹਾਂ ਕਿਤਾਬਾਂ ਅਤੇ ਪੈਗੰਬਰਾਂ

ਦਾ ਉਹ ਸੰਦਰਭ ਦਿੰਦੇ ਹਨ, ਉਹਨਾਂ ਦਾ ਸੰਬੰਧ ਪ੍ਰਾਚੀਨਕਾਲ ਤੋਂ ਹੈ। ਉਹਨਾਂ ਕਿਤਾਬਾਂ ਅਤੇ ਵਿਅਕਤਿਤਵਾਂ ਬਾਰੇ ਵਿਚ ਅੱਜ ਸਾਡੇ ਕੋਲ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ ਹੈ। ਇਸ ਲਈ, ਸਿਧਾਂਤਿਕ ਤੌਰ 'ਤੇ ਵਿਸ਼ਵਾਸਯੋਗ ਮਾਧਿਅਮ ਨਾਲ ਜੁੜੇ ਹੋਣ ਦੇ ਬਾਅਦ ਵੀ, ਜੋ ਕੁੱਝ ਉਹ ਪੇਸ਼ ਕਰ ਰਹੇ ਹਨ, ਉਹ ਸਵੈ ਵਿਸ਼ਵਾਸ ਕਰਨ ਦੇ ਯੋਗ ਨਹੀਂ ਹੈ। ਅਤੀਤ ਦੀ ਕਿਸੇ ਚੀਜ਼ ਦੀ ਸੱਚਾਈ ਦੀ ਜਾਂਚ ਕਰਨ ਦਾ ਮਾਪਦੰਡ ਇਤਿਹਾਸ ਹੈ ਅਤੇ ਇਨ੍ਹਾਂ ਸਿੱਖਿਆਵਾਂ ਦਾ ਕੋਈ ਇਤਿਹਾਸਿਕ ਪ੍ਰਮਾਣ ਨਹੀਂ ਹੈ।

ਪਰ ਪੈਗੰਬਰੇ-ਇਸਲਾਮ ਦਾ ਮਾਮਲਾ ਬਿਲਕੁਲ ਵੱਖਰਾ ਹੈ। ਇੱਕ ਪਾਸੇ, ਇਹ ਕਿਸੇ ਵਿਅਕਤੀ ਦੇ ਪੈਗੰਬਰ ਹੋਣ ਦਾ ਜੋ ਵੀ ਮਾਪਦੰਡ ਨਿਰਧਾਰਤ ਕੀਤਾ ਜਾਵੇ, ਉਸ 'ਤੇ ਆਪ ਜੀ ਪੂਰੀ ਤਰ੍ਹਾਂ ਖਰੇ ਉਤਰਦੇ ਹਨ। ਆਪ ਜੀ ਦੇ ਜੀਵਨ ਵਿੱਚ ਉਹ ਸਾਰੇ ਤੱਤ ਉੱਚਤਾ ਦੇ ਨਾਲ ਮੌਜੂਦ ਹਨ, ਜੋ ਇੱਕ ਪੈਗੰਬਰ [੨] ਵਿੱਚ ਹੋਣੇ ਚਾਹੀਦੇ ਹਨ। ਆਪ ਜੀ ਪੈਗੰਬਰ ਚੁਣਿਆ ਜਾਣਾ ਇੱਕ ਅਜਿਹੀ ਸਾਬਤ ਘਟਨਾ ਹੈ, ਜਿਸਨੂੰ ਸਵੀਕਾਰ ਨਾ ਕਰਨਾ ਕਿਸੇ ਵੀ ਸਥਿਤੀ ਵਿੱਚ ਸੰਭਵ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਆਪ ਜੀ ਦਾ ਜੀਵਨ ਅਤੇ ਸਿੱਖਿਆਵਾਂ ਮਜ਼ਬੂਤੀ ਦੇ ਨਾਲ ਅੱਜ ਵੀ ਸਾਡੇ ਕੋਲ ਮੌਜੂਦ ਹਨ। ਆਪ ਜੀ ਦੇ ਇਤਿਹਾਸਿਕ ਸਬੂਤ ਬਾਰੇ ਕੋਈ ਸੰਦੇਹ ਨਹੀਂ ਕੀਤਾ ਜਾ ਸਕਦਾ। ਆਪ ਜੀ ਵੱਲੋਂ ਦਿੱਤਾ ਹੋਇਆ ਕੁਰਆਨ ਅੱਜ ਵੀ ਉਸੇ ਤਰ੍ਹਾਂ ਉਨ੍ਹਾਂ ਸ਼ਬਦਾਂ ਵਿੱਚ ਮੌਜੂਦ ਹੈ, ਜਿਸ ਤਰ੍ਹਾਂ ਆਪ ਜੀ ਨੇ ਦਿੱਤਾ ਸੀ। ਆਪ ਜੀ ਕਥਨ ਅਤੇ ਕਾਰਜ ਇਸ ਤਰ੍ਹਾਂ ਮਜ਼ਬੂਤੀ ਨਾਲ ਹਦੀਸ ਅਤੇ ਸੀਰਤ [੩] ਦੀਆਂ ਕਿਤਾਬਾਂ ਵਿੱਚ ਮੌਜੂਦ ਹਨ, ਜਿਵੇਂ ਕਿ ਅੱਜ ਵੀ ਆਪ ਜੀ ਨੇ ਸਾਡੇ ਸਾਹਮਣੇ ਬੋਲ ਰਹੇ ਹੋ ਅਤੇ ਚੱਲ

---

੨ ਸ਼੍ਰਿਸ਼ਟੀ ਦਾ ਨਾਸ਼ ਅਤੇ ਅੰਤ ਦਾਂ ਦਨ

੩ ਹਜ਼ਰਤ ਮੁਹੰਮਦ ਦੇ ਕਥਨ ਅਤੇ ਜੀਵਨੀ

ਫਿਰ ਰਹੇ ਹਨ। ਬਿਨਾਂ ਕਿਸੇ ਸੰਦੇਹ ਦੇ, ਆਦਮੀ ਅੱਜ ਵੀ ਇਹ ਪਤਾ ਕਰ ਸਕਦਾ ਹੈ ਕਿ ਆਪ ਜੀ ਨੇ ਕੀ ਕਿਹਾ ਅਤੇ ਕੀ ਕੀਤਾ।

ਪੈਗੰਬਰ ਦੀ ਚੇਤਾਵਨੀ ਦੇ ਅਨੁਸਾਰ, ਅਸੀਂ ਇੱਕ ਅਜਿਹੀ ਹਕੀਕਤ ਦਾ ਸਾਹਮਣਾ ਕਰ ਰਹੇ ਹਾਂ, ਜਿਸਨੂੰ ਅਸੀਂ ਬਦਲ ਨਹੀਂ ਸਕਦੇ। ਅਸੀਂ ਇਸਦਾ ਸਾਹਮਣਾ ਕਰਨ ਲਈ ਮਜਬੂਰ ਹਾਂ। ਮੌਤ ਜਾਂ ਆਤਮਹੱਤਿਆ ਦੁਆਰਾ ਵੀ ਅਸੀਂ ਬਚ ਨਹੀਂ ਸਕਦੇ, ਸਿਰਫ਼ ਦੂਜੇ ਸੰਸਾਰ ਵਿੱਚ ਚਲੇ ਜਾਂਦੇ ਹਾਂ। ਸਫਲਤਾ ਅਤੇ ਅਸਫਲਤਾ ਦਾ ਇੱਕ ਨਕਸ਼ਾ ਰਚਨਹਾਰ ਨੇ ਸਦਾ ਲਈ ਬਣਾ ਦਿੱਤਾ ਹੈ। ਕਿਸੇ ਲਈ ਸੰਭਵ ਨਹੀਂ ਹੈ ਕਿ ਉਹ ਈਸ਼ਵਰੀ ਨਕਸ਼ੇ ਨੂੰ ਬਦਲ ਦੇਵੇ ਜਾਂ ਆਪਣੇ ਆਪ ਨੂੰ ਉਸ ਤੋਂ ਵੱਖ ਕਰ ਲਵੇ। ਸਾਨੂੰ ਸਿਰਫ਼ ਇਹ ਅਧਿਕਾਰ ਹੈ ਕਿ ਸਵਰਗ ਜਾਂ ਨਰਕ ਵਿੱਚੋਂ ਕਿਸੇ ਇੱਕ ਨੂੰ ਚੁਣੀਏ। ਸਾਨੂੰ ਇਹ ਅਧਿਕਾਰ ਨਹੀਂ ਕਿ ਦੋਹਾਂ ਤੋਂ ਵੱਖ ਹੋ ਕੇ ਆਪਣੇ ਲਈ ਕੋਈ ਤੀਜਾ ਵਿਕਲਪ ਬਣਾਈਏ।

ਯੰਤ੍ਰਸ਼ਾਲਾ (ੋਬਸਇਰਵਓਟੋਰੇ) ਜੇਕਰ ਭੂਚਾਲ ਦੀ ਜਾਣਕਾਰੀ ਦੇਵੇ, ਤਾਂ ਇਹ ਇੱਕ ਆਉਣ ਵਾਲੀ ਦੁਰਘਟਨਾ ਦੀ ਜਾਣਕਾਰੀ ਹੁੰਦੀ ਹੈ, ਜਿਸ ਵਿੱਚ ਫੈਸਲਾ ਕਰਨ ਦਾ ਅਧਿਕਾਰ ਸਾਰੇ ਦੂਜੇ ਪੱਖਾਂ ਨੂੰ ਹੁੰਦਾ ਹੈ, ਸਾਹਮਣਾ ਕਰਨ ਵਾਲੇ ਨੂੰ ਉਸ ਵਿੱਚ ਕੋਈ ਅਧਿਕਾਰ ਨਹੀਂ ਹੁੰਦਾ। ਆਦਮੀ ਜਾਂ ਤਾਂ ਉਸ ਤੋਂ ਭੱਜ ਕੇ ਆਪਣੇ ਆਪ ਨੂੰ ਬਚਾਏ ਜਾਂ ਉਸ ਵਿੱਚ ਪੈ ਕੇ ਆਪਣੇ ਆਪ ਨੂੰ ਨਾਸ਼ ਕਰ ਲੇ। ਇਸੇ ਤਰ੍ਹਾਂ ਕ਼ਿਆਮਤ [੪] ਵੀ ਇੱਕ ਅਜਿਹਾ ਭੂਚਾਲ ਹੈ, ਜਿਸ ਵਿੱਚ ਆਦਮੀ ਜਾਂ ਤਾਂ ਪੈਗੰਬਰ ਦਾ ਦੱਸਿਆ ਹੋਇਆ ਉਪਾਅ ਅਪਣਾਵੇਗਾ ਸਵੈ ਨੂੰ ਬਚਾਏਗਾ ਜਾਂ ਉਸ ਨੂੰ ਅਣਦੇਖਾ ਕਰਕੇ ਆਪਣੇ ਆਪ ਨੂੰ ਸਦਾ ਲਈ ਬਰਬਾਦੀ ਵਿੱਚ ਪਾ ਦੇਵੇਗਾ।

---

੪ ਸ਼੍ਰਿਸ਼ਟੀ ਦੇ ਵਿਨਾਸ਼ ਅਤੇ ਅੰਤ ਦਾ ਦਿਨ

# ਪੈਗੰਬਰ ਦੀਆਂ ਸਿੱਖਿਆਵਾਂ

ਰੱਬੀ ਧਰਮ ਇੱਕ ਧਰਮ ਹੈ। ਸਾਰੇ ਪੈਗੰਬਰਾਂ ਦੇ ਮਾਧਿਅਮ ਨਾਲ ਇੱਕ ਹੀ ਧਰਮ ਸਦਾ ਭੇਜਿਆ ਜਾਂਦਾ ਰਹੇ ਹੈ, ਪਰ ਇਨਸਾਨ ਨੇ ਆਪਣੀ ਅਸਾਵਧਾਨੀ ਕਾਰਨ ਜਾਂ ਤਾਂ ਇਸਨੂੰ ਗੁਆ ਦਿੱਤਾ ਜਾਂ ਇਸਨੂੰ ਬਦਲ ਦਿੱਤਾ। ਹਜ਼ਰਤ ਮੁਹੰਮਦ ਸਾਹਿਬ ਦੇ ਮਾਧਿਅਮ ਨਾਲ ਉਸ ਨੇ ਰੱਬੀ ਧਰਮ ਨੂੰ ਮੁੜ ਜੀਵਿਤ ਕੀਤਾ ਗਿਆ ਅਤੇ ਇਸਨੂੰ ਉਸ ਦੇ ਮੂਲ ਰੂਪ ਵਿੱਚ ਪੇਸ਼ ਕਰਕੇ ਸਦਾ ਲਈ ਪੁਸਤਕੀ ਰੂਪ ਵਿੱਚ ਸੁਰੱਖਿਅਤ ਕਰ ਦਿੱਤਾ ਗਿਆ। ਹੁਣ ਸਾਰੇ ਇਨਸਾਨਾਂ ਲਈ ਕ਼ਿਆਮਤ ਤੱਕ ਇਹੀ ਪ੍ਰਮਾਣਿਕ ਧਰਮ ਹੈ। ਰੱਬ ਦੇ ਨਜ਼ਦੀਕੀ ਅਤੇ ਪਰਲੋਕ ਵਿੱਚ ਮੁਕਤੀ ਪ੍ਰਾਪਤ ਕਰਨ ਦਾ ਇਸ ਤੋਂ ਇਲਾਵਾ ਕੋਈ ਦੂਜਾ ਰਸਤਾ ਨਹੀਂ।

ਆਪ ਜੀ ਨੇ ਦੱਸਿਆ ਕਿ ਅੱਲਾਹ ਇੱਕ ਹੈ। ਕਿਸੇ ਵੀ ਤਰੀਕੇ ਨਾਲ ਉਸਦਾ ਕੋਈ ਭਾਗੀਦਾਰ ਨਹੀਂ। ਉਸਨੇ ਸਾਰੀਆਂ ਚੀਜ਼ਾਂ ਨੂੰ ਪੈਦਾ ਕੀਤਾ ਹੈ ਅਤੇ ਉਸਨੂੰ ਹਰ ਕਿਸਮ ਦੀਆਂ ਸ਼ਕਤੀਆਂ ਪ੍ਰਾਪਤ ਹਨ। ਇਨਸਾਨ ਨੂੰ ਚਾਹੀਦਾ ਹੈ ਕਿ ਸਿਰਫ ਉਸ ਦੇ ਸਾਹਮਣੇ ਝੁਕੇ ਅਤੇ ਉਸ ਦੀ ਇਬਾਦਤ ਕਰੇ। ਉਸੇ ਤੋਂ ਮੰਗੇ ਅਤੇ ਉਸ ਤੋਂ ਆਸ ਰੱਖੇ। ਹਾਲਾਂਕਿ ਅੱਲਾਹ ਸਿੱਧਾ ਨਜ਼ਰ ਨਹੀਂ ਆਉਂਦਾ, ਪਰ ਉਹ ਇਨਸਾਨ ਦੇ ਇੰਨਾ ਨੇੜੇ ਹੈ ਕਿ ਜਦੋਂ ਵੀ ਇਨਸਾਨ ਉਸਨੂੰ ਬੁਲਾਉਂਦਾ ਹੈ, ਉਹ ਉਸ ਦੀ ਪੁਕਾਰ ਨੂੰ ਸੁਣਦਾ ਹੈ ਅਤੇ ਉਸ ਦਾ ਜਵਾਬ ਦਿੰਦਾ ਹੈ। ਅੱਲਾਹ ਦੇ ਨਜ਼ਦੀਕ ਕਿਸੇ ਇਨਸਾਨ ਦਾ ਇਹ ਸਭ ਤੋਂ ਵੱਡਾ ਅਪਰਾਧ ਹੈ ਕਿ ਉਹ ਕਿਸੇ ਵੀ ਤਰੀਕੇ ਨਾਲ ਕਿਸੇ ਹੋਰ ਨੂੰ ਅੱਲਾਹ ਦਾ ਭਾਗੀਦਾਰ ਜਾਂ ਉਸ ਦੇ ਬਰਾਬਰ ਰੱਖੇ।

ਕੋਈ ਇਨਸਾਨ ਜਾਂ ਗੈਰ-ਇਨਸਾਨ ਅਜਿਹਾ ਨਹੀਂ, ਜਿਸਨੂੰ ਅੱਲਾਹ ਅਤੇ ਉਸ ਦੇ ਬੰਦਿਆਂ ਦੇ ਦਰਮਿਆਨ ਮਾਧਿਅਮ ਦਾ ਸਥਾਨ ਪ੍ਰਾਪਤ ਹੋਵੇ। ਜਦੋਂ ਵੀ ਇਨਸਾਨ ਅੱਲਾਹ ਨੂੰ ਬੁਲਾਉਂਦਾ ਹੈ, ਉਹ ਸਿੱਧਾ ਅੱਲਾਹ ਨਾਲ ਜੁੜ ਜਾਂਦਾ ਹੈ। ਇਨਸਾਨ ਨੂੰ ਆਪਣੇ ਰਚੈਤਾ ਅਤੇ ਸਵਾਮੀ ਨਾਲ ਜੁੜਨ ਲਈ ਕਿਸੇ ਵਿਚੋਲੇ ਦੀ ਜਰੂਰਤ ਨਹੀਂ। ਉਸੇ ਤਰ੍ਹਾਂ ਪਰਲੋਕ ਵਿੱਚ ਵੀ ਕੋਈ ਰੱਬੀ ਅਦਾਲਤ ਵਿੱਚ ਕਿਸੇ ਦਾ ਸਿਫਾਰਸ਼ੀ ਨਹੀਂ ਬਣ ਸਕਦਾ। ਅੱਲਾਹ ਆਪਣੇ ਹਰ ਬੰਦੇ ਦਾ ਫੈਸਲਾ ਆਪੇ ਆਪਣੇ ਗਿਆਨ ਦੇ ਅਨੁਸਾਰ ਖੁਦ ਕਰੇਗਾ। ਕੋਈ ਵੀ ਨਹੀਂ ਜੋ ਉਸ ਦੇ ਫੈਸਲੇ ਨੂੰ ਪ੍ਰਭਾਵਿਤ ਕਰ ਸਕੇ। ਅੱਲਾਹ ਆਪਣੇ ਫੈਸਲੇ ਕਰਨ ਵਿੱਚ ਕਿਸੇ ਦੇ ਪਾਬੰਧ ਨਹੀਂ। ਅੱਲਾਹ ਦੇ ਸਾਰੇ ਫੈਂਸਲੇ ਗਿਆਨ ਅਤੇ ਨਿਆਂ ਦੀ ਬੁਨਿਆਦ 'ਤੇ ਹੁੰਦੇ ਹਨ, ਨਾ ਕਿ ਸਿਫਾਰਸ਼ ਜਾਂ ਨਜ਼ਦੀਕੀ ਦੇ ਬੁਨਿਆਦ 'ਤੇ।

ਅੱਲਾਹ ਦੀ ਇਬਾਦਤ ਕੋਈ ਵਿਵਹਾਰਿਕ ਅੰਤਿਕਾ (ਉਪਪਣਨਦਿਣ) ਨਹੀਂ ਹੈ। ਇਹ ਪੂਰੇ ਜੀਵਨ ਸਮੇਤ ਅੱਲਾਹ ਦੇ ਸਾਹਮਣੇ ਝੁੱਕ ਜਾਣਾ ਹੈ। ਅੱਲਾਹ ਦੀ ਇਬਾਦਤ ਕਰਨ ਵਾਲਾ ਉਹੀ ਹੈ, ਜੋ ਇਸ ਤਰ੍ਹਾਂ ਕਰੇ ਕਿ ਅੱਲਾਹ ਹੀ ਉਸਦਾ ਸਭ ਕੁੱਝ ਹੋ ਜਾਵੇ। ਉਹ ਉਨ੍ਹਾਂ ਦੀ ਇਬਾਦਤ ਕਰੇ, ਉਨ੍ਹਾਂ ਤੋਂ ਡਰੇ, ਉਨ੍ਹਾਂ ਨਾਲ ਪਿਆਰ ਕਰੇ, ਉਨ੍ਹਾਂ ਤੋਂ ਆਸ ਰੱਖੇ, ਉਹ ਉਨ੍ਹਾਂ ਨੂੰ ਆਪਣੇ ਧਿਆਨ ਅਤੇ ਗਤੀਵਿਧੀਆਂ ਦਾ ਕੇਂਦਰਬਿੰਦੂ ਬਣਾ ਲਵੇ। ਅੱਲਾਹ ਦੀ ਇਬਾਦਤ ਦਾ ਮਤਲਬ ਹੈ ਅੱਲਾਹ ਦੇ ਸਾਹਮਣੇ ਪੂਰੀ ਤਰ੍ਹਾਂ ਸਮਰਪਿਤ ਹੋ ਜਾਣਾ, ਨਾ ਕਿ ਕੇਵਲ ਕਿਸੇ ਰਸਮ ਨੂੰ ਸਾਮਿਅਕ ਰੂਪ ਵਿੱਚ ਪੂਰਾ ਕਰਨਾ।

ਬੰਦਿਆਂ ਦੇ ਵਿਚ ਰਹਿਣ ਦੌਰਾਨ ਇਨਸਾਨ ਨੂੰ ਹਰ ਸਮੇਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅੱਲਾਹ ਉਸਨੂੰ ਦੇਖ ਰਿਹਾ ਹੈ ਅਤੇ ਆਪਣੇ ਗਿਆਨ ਅਨੁਸਾਰ ਉਸਦੇ ਕਰਮਾਂ ਦਾ ਹਿਸਾਬ ਲਵੇਗਾ। ਇਸ ਲਈ ਜਰੂਰੀ ਹੈ ਕਿ ਇਨਸਾਨ ਅੱਤਿਆਚਾਰ, ਝੂਠ, ਦੋਸ਼, ਘਮੰਡ, ਇਰਖਾ, ਸਵਾਰਥ, ਮਾੜਾ ਵਰਤਾਅ,

ਲੁੱਟ-ਖੋਹ, ਬੇਈਮਾਨੀ ਅਤੇ ਇਸ ਤਰ੍ਹਾਂ ਦੀਆਂ ਹੋਰ ਨੈਤਿਕ ਬੁਰਾਈਆਂ ਤੋਂ ਆਪਣੇ ਆਪ ਨੂੰ ਬਚਾਏ, ਤਾਂ ਜੋ ਅੱਲਾਹ ਦੇ ਨੇੜੇ ਉਹ ਦੋਸ਼ੀ ਨਾ ਠਹਿਰੇ। ਅੱਲਾਹ ਤੋਂ ਡਰਨ ਵਾਲਾ ਬੰਦਿਆਂ ਦੇ ਮਾਮਲੇ ਵਿਚ ਨਿਡਰ ਹੋ ਕੇ ਨਹੀਂ ਰਹਿ ਸਕਦਾ। ਜੋ ਲੋਕ ਬੰਦਿਆਂ ਨਾਲ ਮਾੜਾ ਵਿਵਹਾਰ ਕਰਨਗੇ, ਉਹਨਾਂ ਨੂੰ ਅੱਲਾਹ ਤੋਂ ਆਪਣੇ ਲਈ ਚੰਗੇ ਵਰਤਾਅ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਅੱਲਾਹ ਦੇ ਚੰਗੇ ਵਰਤਾਅ ਦਾ ਹੱਕਦਾਰ ਕੇਵਲ ਉਹ ਹੈ, ਜੋ ਅੱਲਾਹ ਦੇ ਕੋਲ ਇਸ ਤਰ੍ਹਾਂ ਪਹੁੰਚੇ ਕਿ ਉਸਨੇ ਅੱਲਾਹ ਦੇ ਬੰਦਿਆਂ ਨਾਲ ਚੰਗਾ ਵਿਵਹਾਰ ਕੀਤਾ ਹੋਵੇ।

ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਦੱਸਿਆ ਕਿ ਅੱਲਾਹ ਦੀ ਧਰਤੀ ‘ਤੇ ਅੱਲਾਹ ਦੇ ਬੰਦਿਆਂ ਲਈ ਜੀਵਨ ਬਤੀਤ ਕਰਨ ਦਾ ਕੇਵਲ ਇੱਕ ਹੀ ਸਹੀ ਤਰੀਕਾ ਹੈ। ਇਹ ਹੈ ਕਿ ਇਨਸਾਨ ਸੰਪੂਰਨ ਜੀਵਨ ਅਤੇ ਸਾਰੇ ਮਾਮਲਿਆਂ ਵਿੱਚ ਅੱਲਾਹ ਦਾ ਆਗਿਆਕਾਰੀ ਬਣ ਕੇ ਰਹੇ। ਇਸ ਆਗਿਆਪਾਲਨ ਦੇ ਤਰੀਕੇ ਅਤੇ ਸਿਧਾਂਤ ਕੁਰਆਨ ਵਿੱਚ ਲਿਖੇ ਹੋਏ ਹਨ ਅਤੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਵਿੱਚ ਇਸਦਾ ਵਿਵਹਾਰਿਕ ਨਮੂਨਾ ਮੌਜੂਦ ਹੈ। ਹੁਣ ਸਾਰੇ ਇਨਸਾਨਾਂ ਲਈ ਅੱਲਾਹ ਦਾ ਮਨੋਵਛਿੰਤ ਜੀਵਨ ਕੇਵਲ ਇਹ ਹੈ ਕਿ ਉਹ ਕੁਰਆਨ ਤੋਂ ਆਪਣੇ ਲਈ ਮਾਰਗਦਰਸ਼ਨ ਪ੍ਰਾਪਤ ਕਰੇ ਅਤੇ ਪੈਗੰਬਰ ਦੇ ਨਮੂਨੇ ਨੂੰ ਦੇਖਦੇ ਹੋਏ ਉਸ ਅਨੁਸਾਰ ਜੀਵਨ ਗੁਜਾਰੇ।

ਹਜ਼ਰਤ ਮੁਹੰਮਦ ਸਾਹਿਬ ਨੇ ਜੋ ਧਰਮ ਪ੍ਰਸਤੁਤ ਕੀਤਾ ਹੈ, ਉਹ ਇਨਸਾਨ ਦੇ ਸੰਪੂਰਨ ਜੀਵਨ ਲਈ ਇੱਕ ਸਾਫ਼ ਨਕਸ਼ਾ ਦਿੰਦਾ ਹੈ ਅਤੇ ਹਰ ਇਨਸਾਨ ਨੂੰ ਉਸੇ ਨਕਸ਼ੇ ‘ਤੇ ਚੱਲਣਾ ਹੈ। ਇਸ ਨਕਸ਼ੇ ਦੀ ਇੱਕ ਸੰਖੇਪ ਸੰਕੇਤਿਕ ਵਿਵਸਥਾ ਪੰਜ ਪ੍ਰਮੁੱਖ ਸਤੰਭਾਂ ਦੇ ਰੂਪ ਵਿੱਚ ਨਿਸ਼ਚਿਤ ਕੀਤੀ ਗਈ ਹੈ। ਇਹ ਪੰਜ ਸਤੰਭ ਪੂਰੇ ਇਸਲਾਮੀ ਜੀਵਨ ਲਈ ਬੁਨਿਆਦ ਦਾ ਦਰਜਾ ਰੱਖਦੇ ਹਨ।

ਪਹਿਲਾ ਕਲਿਮਾ ਸ਼ਹਾਦਤ ‘ਲਾ-ਇਲਾਹਾ ਇੱਲੱਲਲਾਹ ਮੁਹੰਮਦੁਰ-ਰਸੂਲੁੱਲਾਹ’ ਨੂੰ ਸਵੀਕਾਰ ਕਰਨਾ ਹੈ। ਇਹ ਕਲਿਮਾ ਮਾਨੋ ਉਹ ਐਲਾਨ ਹੈ,

ਜੋ ਇਹ ਸਪਸ਼ਟ ਕਰਦਾ ਹੈ ਕਿ ਇਨਸਾਨ ਇੱਕ ਦਾਇਰੇ ਤੋਂ ਨਿਕਲ ਕੇ ਦੂਜੇ ਦਾਇਰੇ ਵਿੱਚ ਚਲਾ ਗਿਆ। ਉਹ ਗੈਰ-ਇਸਲਾਮ ਨੂੰ ਛੱਡ ਕੇ ਇਸਲਾਮ ਦੀ ਲਾਈਨ ਵਿੱਚ ਆ ਗਿਆ।

ਦੂਜੀ ਚੀਜ਼ ਨਮਾਜ਼ ਹੈ, ਯਾਨੀ ਪੈਗੰਬਰ ਦੇ ਦੱਸੇ ਹੋਏ ਤਰੀਕੇ ਦੇ ਅਨੁਸਾਰ ਪੰਜ ਵਕਤਾਂ ਵਿਚ ਖੁਦਾ ਦੀ ਇਬਾਦਤ ਕਰਨਾ। ਤੀਜੀ ਚੀਜ਼ ਰੋਜ਼ਾ ਹੈ, ਯਾਨੀ ਹਰ ਸਾਲ ਰਮਜ਼ਾਨ ਵਿੱਚ ਪੂਰੇ ਇੱਕ ਮਹੀਨੇ ਤੱਕ ਸਹਿਣਸ਼ੀਲਤਾ ਦਾ ਜੋ ਅਭਿਆਸ ਕੀਤਾ ਜਾਂਦਾ ਹੈ, ਉਸਨੂੰ ਰੋਜ਼ਾ ਕਿਹਾ ਜਾਂਦਾ ਹੈ। ਚੌਥਾ ਜ਼ਕਾਤ ਹੈ, ਯਾਨੀ ਇਨਸਾਨ ਆਪਣੇ ਮਾਲ ਵਿੱਚੋਂ ਨਿਸ਼ਚਿਤ ਵਿਧੀ ਦੇ ਅਨੁਸਾਰ ਹਰ ਸਾਲ ਖੁਦਾ ਦਾ ਹੱਕ ਕੱਢੇ ਅਤੇ ਇਸਨੂੰ ਖੁਦਾ ਦੀ ਨਿਸ਼ਚਿਤ ਕੀਤੀਆਂ ਮਦਾਂ ਵਿੱਚ ਖਰਚ ਕਰੇ। ਪੰਜਵੀਂ ਚੀਜ਼ ਹਜ ਹੈ, ਯਾਨੀ ਸਮਰੱਥਾ ਦੇ ਅਨੁਸਾਰ ਜੀਵਨ ਵਿੱਚ ਘੱਟੋ-ਘੱਟ ਇੱਕ ਵਾਰੀ ਬੈਤੁੱਲਾਹ [5] ਦਾ ਹਜ ਕਰਨਾ। ਜਦੋਂ ਇਨਸਾਨ ਇਹ ਪੰਜ ਸ਼ਰਤਾਂ ਪੂਰੀਆਂ ਕਰਦਾ ਹੈ, ਤਾਂ ਉਹ ਪੈਗੰਬਰ ਦੁਆਰਾ ਸਥਾਪਿਤ ਇਸਲਾਮੀ ਸੰਪਰਦਾਏ ਵਿੱਚ ਸ਼ਾਮਿਲ ਹੋ ਜਾਂਦਾ ਹੈ।

ਜ਼ਿੰਦਗੀ ਦੇ ਦੋ ਰੂਪ ਹਨ— ਇੱਕ ਜ਼ਿੰਦਗੀ ਉਹ ਹੈ, ਜੋ ਪਰਲੋਕ ਦੀ ਬੁਨਿਆਦ ‘ਤੇ ਬਣਦੀ ਹੈ। ਦੂਜੀ ਜ਼ਿੰਦਗੀ ਉਹ ਹੈ, ਜੋ ਸੰਸਾਰ ਦੀ ਬੁਨਿਆਦ ‘ਤੇ ਬਣਦੀ ਹੈ। ਪਰਲੋਕ ਦੀ ਬੁਨਿਆਦ ‘ਤੇ ਬਣਨ ਵਾਲੀ ਜ਼ਿੰਦਗੀ ਵਿੱਚ ਮਾਰਗਦਰਸ਼ਕ ਦਾ ਸਥਾਨ ਪੈਗੰਬਰ ਨੂੰ ਪ੍ਰਾਪਤ ਹੁੰਦਾ ਹੈ। ਇਨਸਾਨ ਪੈਗੰਬਰ ਦੇ ਦੱਸੇ ਅਨੁਸਾਰ ਆਪਣਾ ਵਿਸ਼ਵਾਸ ਬਣਾਉਂਦਾ ਹੈ ਅਤੇ ਉਸੇ ਅਨੁਸਾਰ ਆਪਣੀ ਜ਼ਿੰਦਗੀ ਗੁਜ਼ਾਰਦਾ ਹੈ। ਇਸ ਦੇ ਉਲਟ ਜੋ ਜ਼ਿੰਦਗੀ ਸੰਸਾਰ ਦੀ ਬੁਨਿਆਦ ‘ਤੇ ਬਣਦੀ ਹੈ, ਵਿੱਚ ਇਨਸਾਨ ਆਪਣਾ ਮਾਰਗਦਰਸ਼ਕ ਖੁਦ ਹੁੰਦਾ ਹੈ ਅਤੇ ਆਪਣੀ ਬੁੱਧੀ ਜਾਂ ਮਨ ਦੇ ਅਨੁਸਾਰ ਆਪਣੇ ਚਿੰਤਨ ਅਤੇ ਕਰਮ ਦਾ ਢਾਂਚਾ ਬਣਾਉਂਦਾ ਹੈ। ਪਹਿਲਾ ਜੇ ਖੁਦਾ ਦਾ ਮੰਨਣ ਵਾਲਾ ਹੁੰਦਾ ਹੈ ਤਾਂ ਦੂਜਾ ਖੁਦ ਆਪਣਾ।

---

੫ ਅੱਲਾਹ ਦਾ ਘਰ

ਪੈਗੰਬਰ ਦੇ ਮਾਰਗਦਰਸ਼ਨ ਵਿੱਚ ਜੋ ਜ਼ਿੰਦਗੀ ਬਣਦੀ ਹੈ, ਉਸ ਦੇ ਅਨੇਕ ਭਾਗ ਹੁੰਦੇ ਹਨ— ਖੁਦਾ 'ਤੇ ਵਿਸ਼ਵਾਸ, ਫਰਿਸ਼ਤਿਆਂ 'ਤੇ ਵਿਸ਼ਵਾਸ, ਖੁਦਾ ਦੀਆਂ ਕਿਤਾਬਾਂ 'ਤੇ ਵਿਸ਼ਵਾਸ, ਖੁਦਾ ਦੇ ਪੈਗੰਬਰਾਂ 'ਤੇ ਵਿਸ਼ਵਾਸ, ਕਿਆਮਤ ਅਤੇ ਮੌਤ ਦੇ ਬਾਅਦ ਦੀ ਜਿੰਦਗੀ 'ਤੇ ਵਿਸ਼ਵਾਸ, ਸਵਰਗ ਅਤੇ ਨਰਕ 'ਤੇ ਵਿਸ਼ਵਾਸ, ਖੁਦਾ ਦੇ ਸਿਰਜਣਹਾਰ ਅਤੇ ਪਾਲਣਹਾਰ (ਛਰਏਟੋਰ ਉਨਦ ਸ਼ੁਸਟਓਿਨਏਰ) ਹੋਣ 'ਤੇ ਵਿਸ਼ਵਾਸ। ਇਨ੍ਹਾਂ ਵਿਸ਼ਵਾਸਾਂ ਦੇ ਅੰਤਰਗਤ ਜੋ ਇਨਸਾਨ ਬਣਦਾ ਹੈ, ਉਹ ਅਜਿਹਾ ਇਨਸਾਨ ਹੁੰਦਾ ਹੈ ਜੋ ਖੁਦ ਨੂੰ ਖੁਦਾ ਨੂੰ ਸੋਂਪਦਾ ਹੁੰਦਾ ਹੈ। ਉਸ ਦੀ ਜ਼ਿੰਦਗੀ ਦੀ ਸਾਰੀ ਗਤੀਵਿਧੀਆਂ ਪਰਲੋਕ 'ਤੇ ਆਧਾਰਿਤ ਹੋ ਜਾਂਦੀਆਂ ਹਨ। ਉਸ ਦੀ ਇਬਾਦਤ, ਉਸ ਦੀ ਕੁਰਬਾਨੀ, ਉਸ ਦਾ ਜੀਣਾ-ਮਰਨਾ ਖੁਦਾ ਅਤੇ ਰਸੂਲ ਦੇ ਲਈ ਹੋ ਜਾਂਦਾ ਹੈ।

ਜੋ ਜ਼ਿੰਦਗੀ ਖੁਦ ਦੇ ਮਾਰਗਦਰਸ਼ਨ ਨਾਲ ਬਣੇ, ਉਹ ਇੱਕ ਆਜ਼ਾਦ ਅਤੇ ਬੇਲਗਾਮ ਜ਼ਿੰਦਗੀ ਹੁੰਦੀ ਹੈ। ਉਸ ਵਿੱਚ ਆਦਮੀ ਨੂੰ ਇਸ ਨਾਲ ਵਾਦ-ਵਿਵਾਦ ਨਹੀਂ ਹੁੰਦਾ ਕਿ ਹਕੀਕਤ ਕੀ ਹੈ? ਉਹ ਆਪਣੀ ਸੋਚ ਦੇ ਅਨੁਸਾਰ ਆਪਣੀ ਪਸੰਦ ਦੀ ਆਸਥਾ ਬਣਾ ਲੈਂਦਾ ਹੈ। ਉਸ ਦੇ ਦਿਨ-ਰਾਤ ਖੁਦ ਦੀ ਬੁੱਧੀ ਜਾਂ ਮਨ ਦੇ ਮਾਰਗਦਰਸ਼ਨ ਵਿੱਚ ਬਤੀਤ ਹੁੰਦੇ ਹਨ। ਉਸ ਦੀ ਗਤੀਵਿਧੀਆਂ ਸਾਰੇ ਸੰਸਾਰਿਕ ਲਾਭਾਂ ਦੇ ਚਾਰੋ ਪਾਸੇ ਘੁੰਮਦੀਆਂ ਹਨ। ਉਹ ਉਸ ਤਰ੍ਹਾਂ ਹੀ ਬਣਦਾ ਹੈ, ਜਿਵੇਂ ਉਹ ਖੁਦ ਬਣਨਾ ਚਾਹੁੰਦਾ ਹੈ; ਨਾ ਕਿ ਉਸ ਤਰ੍ਹਾਂ, ਜਿਵੇਂ ਖੁਦਾ ਅਤੇ ਰਸੂਲ ਚਾਹੁੰਦੇ ਹਨ ਕਿ ਉਹ ਬਣੇ।

ਜੋ ਲੋਕ ਕਿਸੇ ਪਿਛਲੇ ਪੈਗੰਬਰ ਦੇ ਨਾਮ 'ਤੇ ਕਿਸੇ ਧਰਮ ਤੇ ਚੱਲ ਰਹੇ ਹਨ, ਉਨ੍ਹਾਂ ਦੀ ਧਾਰਮਿਕਤਾ ਜਾਂ ਈਸ਼ਵਰੀਭਗਤੀ ਉਸ ਸਮੇਂ ਤੱਕ ਵਿਸ਼ਵਾਸਯੋਗ ਨਹੀਂ, ਜਦੋਂ ਤੱਕ ਉਹ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ 'ਤੇ ਵਿਸ਼ਵਾਸ ਨਾ ਕਰ ਲੈਣ। ਹਜ਼ਰਤ ਮੁਹੰਮਦ ਸਾਹਿਬ 'ਤੇ ਵਿਸ਼ਵਾਸ ਕਰਨਾ ਮੰਨੋ ਖੁਦ ਆਪਣੇ ਧਰਮ ਨੂੰ ਹੀ ਸਹੀ ਅਤੇ ਪੂਰੀ ਤਰ੍ਹਾਂ ਸਵੀਕਾਰ ਕਰਨਾ ਹੈ। ਜੋ ਲੋਕ ਹਜ਼ਰਤ

ਮੁਹੰਮਦ ਸਾਹਿਬ ‘ਤੇ ਵਿਸ਼ਵਾਸ ਨਹੀਂ ਕਰਦੇ, ਉਹ ਆਪਣੇ ਇਸ ਕਰਮ ਨਾਲ ਇਸ ਗੱਲ ਦਾ ਸਬੂਤ ਦੇ ਰਹੇ ਹਨ ਕਿ ਉਹ ਪੈਗੰਬਰ ਦੇ ਨਾਮ ‘ਤੇ ਆਪਣੀ ਕੌਮੀ ਪਰੰਪਰਾ ਅਤੇ ਵਰਗ ਪੱਖਪਾਤ ਨੂੰ ਆਪਣਾ ਧਰਮ ਬਣਾਉਂਦੇ ਹਨ। ਜੋ ਲੋਕ ਕੌਮੀ ਧਰਮ ਦੇ ਉਪਾਸਕ ਹਨ, ਉਹ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਲਿਆਇਆ ਹੋਇਆ ਰੱਬੀ ਧਰਮ ਨਹੀਂ ਪਾ ਸਕਦੇ। ਉਹ ਆਪਣੇ ਪੱਖਪਾਤੀ ਪਰਦੇ ਦੇ ਕਾਰਨ ਉਸ ਸੱਚਾਈ ਨੂੰ ਨਹੀਂ ਦੇਖ ਸਕਣਗੇ, ਜੋ ਖ਼ੁਦਾ ਨੇ ਆਪਣੇ ਅੰਤਿਮ ਪੈਗੰਬਰ ਦੁਆਰਾ ਉਨ੍ਹਾਂ ਲਈ ਪ੍ਰਗਟ ਕੀਤੀ ਹੈ। ਸਗੋਂ ਜੋ ਲੋਕ ਹਕੀਕਤ ਵਿੱਚ ਖ਼ੁਦਾ ਅਤੇ ਪੈਗੰਬਰ ‘ਤੇ ਵਿਸ਼ਵਾਸ ਕਰਨ ਵਾਲੇ ਹਨ, ਉਹ ਪੈਗੰਬਰ-ਇਸਲਾਮ ਦੇ ਧਰਮ ਨੂੰ ਖ਼ੁਦ ਆਪਣੀ ਹੀ ਚੀਜ਼ ਮਹਿਸੂਸ ਕਰਨਗੇ। ਉਹ ਇਸਨੂੰ ਇਸ ਤਰ੍ਹਾਂ ਲੈਣਗੇ, ਜਿਵੇਂ ਕੋਈ ਆਪਣੀ ਗਵਾਚੀ ਚੀਜ਼ ਨੂੰ ਦੌੜ ਕੇ ਲੈ ਲੈਂਦਾ ਹੈ।

# ਮੌਤ ਦੀ ਤਰਫ਼

ਹਰ ਕਿਸੇ ਨੂੰ ਮਰਨਾ ਹੈ। ਕੋਈ ਇਸ ਤੋਂ ਬਚ ਨਹੀਂ ਸਕਦਾ। ਹਾਲਾਂਕਿ ਹਕੀਕਤ ਵਿੱਚ ਮੌਤ ਦੇ ਦੋ ਰੂਪ ਹੁੰਦੇ ਹਨ— ਇੱਕ ਉਹ, ਜਦੋਂ ਇਨਸਾਨ ਅਪਣੇ ਅੱਲਾਹ ਨੂੰ ਆਪਣਾ ਮਕਸਦ ਬਣਾਉਂਦਾ ਹੈ। ਉਹ ਅੱਲਾਹ ਲਈ ਬੋਲਦਾ ਹੈ ਅਤੇ ਅੱਲਾਹ ਦੇ ਲਈ ਹੀ ਸ਼ਾਂਤ ਰਹਿੰਦਾ ਹੈ। ਉਸਦਾ ਸਾਰਾ ਧਿਆਨ ਪਰਲੋਕ ਵਾਲੇ ਪਾਸੇ ਲੱਗਿਆ ਹੁੰਦਾ ਹੈ। ਅਜਿਹੇ ਇਨਸਾਨ ਲਈ ਮੌਤ ਦਾ ਮਤਲਬ ਹੈ ਕਿ ਉਹ ਆਪਣੇ ਰਚਨਹਾਰ ਵੱਲ ਯਾਤਰਾ ਕਰ ਰਿਹਾ ਸੀ

ਅਤੇ ਮੌਤ ਦੇ ਫਰਿਸ਼ਤੇ [੬] ਨੇ ਉਸਦੇ ਸਫ਼ਰ ਨੂੰ ਘਟਾ ਕੇ ਉਸਨੂੰ ਉਸਦੀ ਮੰਜਿਲ ਤੱਕ ਪਹੁੰਚਾ ਦਿੱਤਾ।

ਦੂਜਾ ਇਨਸਾਨ ਉਹ ਹੈ, ਜਿਸਨੇ ਆਪਣੇ ਮਾਲਿਕ ਨੂੰ ਭੁਲਾ ਰੱਖਿਆ ਹੈ। ਉਸਦਾ ਰੁੱਕਣ ਅਤੇ ਉਸਦਾ ਚੱਲਣਾ ਅੱਲਾਹ ਲਈ ਨਹੀਂ ਹੁੰਦਾ। ਉਹ ਆਪਣੇ ਰਚਨਹਾਰ ਨੂੰ ਛੱਡ ਕੇ ਦੂਸਰੇ ਪਾਸੇ ਵੱਲ ਭੱਜਦਾ ਹੈ। ਅਜਿਹੇ ਇਨਸਾਨ ਲਈ ਮੌਤ ਦਾ ਦਿਨ ਉਸਦੀ ਗ੍ਰਿਫਤਾਰੀ ਦਾ ਦਿਨ ਹੈ। ਉਸਦਾ ਉਦਾਹਰਨ ਉਸ ਵਿਦ੍ਰੋਹੀ ਦੀ ਤਰ੍ਹਾਂ ਹੈ, ਜੋ ਕੁੱਝ ਦਿਨਾਂ ਤੱਕ ਅਭਿਮਾਨ ਕਰਦਾ ਹੈ, ਉਸਦੇ ਬਾਅਦ ਉਸਨੂੰ ਪਕੜ ਕੇ ਅਦਾਲਤ ਵਿੱਚ ਹਾਜ਼ਰਿ ਕੀਤਾ ਜਾਂਦਾ ਹੈ।

ਪ੍ਰਤੱਖ ਰੂਪ ਵਿੱਚ ਮੌਤ ਇੱਕ ਹੀ ਹੈ, ਜੋ ਦੋਹਾਂ ਇਨਸਾਨਾਂ ‘ਤੇ ਆਉਂਦੀ ਹੈ, ਪਰ ਦੋਹਾਂ ਵਿਚ ਉਨ੍ਹਾਂ ਹੀ ਫਰਕ ਹੈ, ਜਿੰਨਾ ਫੁੱਲ ਅਤੇ ਅੱਗ ਵਿੱਚ ਹੈ। ਇੱਕ ਲਈ ਮੌਤ ਅੱਲਾਹ ਦਾ ਮਹਿਮਾਨ ਬਣਨਾ ਹੈ ਅਤੇ ਦੂਜੇ ਲਈ ਮੌਤ ਅੱਲਾਹ ਦੇ ਕੈਦਖਾਨੇ ਵਿਚ ਸੁੱਟਿਆ ਜਾਣਾ ਹੈ। ਇੱਕ ਲਈ ਮੌਤ ਜੰਨਤ ਦੇ ਬਾਗਾਂ ਵਿਚ ਜਾਣ ਦਾ ਦਰਵਾਜਾ ਹੈ ਅਤੇ ਦੂਜੇ ਲਈ ਮੌਤ ਉਹ ਦਿਨ ਹੈ, ਜਦ ਉਸਨੂੰ ਨਰਕ ਦੀ ਭੜਕਦੀ ਹੋਈ ਅੱਗ ਵਿਚ ਸੁੱਟ ਦਿੱਤਾ ਜਾਂਦਾ ਹੈ, ਤਾਂਕਿ ਆਪਣੀ ਬੇਅਦਬੀ ਦੇ ਅਪਰਾਧ ਵਿੱਚ ਉੱਥੇ ਉਹ ਸਦਾ ਲਈ ਜਲ਼ਦਾ ਰਹੇ।

ਮੋਮਿਨ [੭] (ਵਿਸ਼ਵਾਸੀ) ਅਤੇ ਗ਼ੈਰ-ਮੋਮਿਨ (ਗੈਰ-ਵਿਸ਼ਵਾਸੀ) ਦੀ ਪਛਾਣ ਇਸ ਤਰ੍ਹਾਂ ਹੁੰਦੀ ਹੈ: ਮੋਮਿਨ ਉਹ ਹੁੰਦਾ ਹੈ, ਜਿਸਦੀ ਨਜ਼ਰ ਮੌਤ ਦੇ ਮਾਮਲਿਆਂ ਵੱਲ ਲੱਗੀ ਰਹਿੰਦੀ ਹੈ ਅਤੇ ਜੋ ਮੌਤ ਦੇ ਬਾਅਦ ਆਉਣ ਵਾਲੇ ਸੰਸਾਰ ਵਿੱਚ ਆਦਰ ਪ੍ਰਾਪਤ ਕਰਨ ਨੂੰ ਆਪਣੇ ਸੰਪੂਰਨ ਧਿਆਨ ਦਾ ਕੇਂਦਰ ਬਣਾਉਂਦਾ ਹੈ। ਇਸਦੇ ਉਲਟ, ਗ਼ੈਰ-ਮੋਮਿਨ ਉਹ ਹੁੰਦਾ ਹੈ, ਜੋ ਜ਼ਿੰਦਗੀ ਦੇ ਮਾਮਲਿਆਂ

---

੬ ਈਸ਼ਵਰ ਦਾ ਉਹ ਦੂਤ ਜੋ ਉਸਦੀ ਆਗਿਆ ਅਨੁਸਾਰ ਕੰਮ ਕਰਨ ਵਾਲਾ ਹੋਵੇ।

੭ ਸੱਚੀ ਦ੍ਰਿੜਤਾ ਨਾਲ ਈਸ਼ਵਰ ਦੇ ਆਦੇਸ਼ਾਂ ਦਾ ਪਾਲਣ ਕਰਨ ਵਾਲਾ।

ਵਿੱਚ ਉਲਝਿਆ ਰਹਿੰਦਾ ਹੈ ਅਤੇ ਜੋ ਵਰਤਮਾਨ ਸੰਸਾਰ ਵਿੱਚ ਆਦਰ ਅਤੇ ਸਫਲਤਾ ਪ੍ਰਾਪਤ ਕਰਨ ਨੂੰ ਸਭ ਤੋਂ ਵੱਡੀ ਚੀਜ਼ ਸਮਝਦਾ ਹੈ।

ਮੌਜੂਦਾ ਹਾਲਾਤ ਵਿੱਚ ਅਜਿਹਾ ਲੱਗਦਾ ਹੈ ਕਿ ਸਫ਼ਲ ਆਦਮੀ ਉਹੀ ਹੈ, ਜਿੰਨ੍ਹਾਂ ਨੇ ਵਰਤਮਾਨ ਸੰਸਾਰ ਵਿੱਚ ਆਪਣੀਆਂ ਜੜਾਂ ਮਜ਼ਬੂਤ ਕੀਤੀਆਂ ਹੋਈਆਂ ਹਨ, ਪਰ ਮੌਤ ਇਸ ਝੂਠ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਵੇਗੀ। ਇਸ ਤੋਂ ਬਾਅਦ ਅਚਾਨਕ ਇਹ ਪਤਾ ਲੱਗੇਗਾ ਕਿ ਉਹੀ ਆਦਮੀ ਮਜ਼ਬੂਤ ਬੁਨਿਆਦ ‘ਤੇ ਖੜਾ ਸੀ, ਜਿਸਨੂੰ ਸੰਸਾਰ ਵਾਲਿਆਂ ਨੇ ਬੇਬੁਨਿਆਦ ਸਮਝਿਆ ਸੀ ਅਤੇ ਉਹ ਸਾਰੇ ਲੋਕਾਂ ਦੀ ਕੋਈ ਹਕੀਕਤ ਹੀ ਨਹੀਂ ਰਹੇਗੀ, ਜੋ ਮੌਤ ਤੋਂ ਪਹਿਲਾਂ ਦੇ ਹਾਲਾਤ ਵਿੱਚ ਸਾਫ਼ ਤੌਰ ‘ਤੇ ਆਦਰ ਅਤੇ ਉੱਨਤੀ ਦੀ ਉਚਾਈਆਂ ‘ਤੇ ਬੈਠੇ ਹੋਏ ਦਿਖਾਈ ਦਿੰਦੇ ਸਨ।

ਮੌਤ ਹਰ ਚੀਜ਼ ਨੂੰ ਖ਼ਤਮ (ਦਇਸਟਰੋ) ਕਰ ਦੇਵੇਗੀ ਅਤੇ ਇਸ ਦੇ ਬਾਅਦ ਓਹੀ ਚੀਜ਼ ਬਚੇਗੀ, ਜਿਸਦਾ ਪਰਲੋਕ ਦੇ ਸੰਸਾਰ ਵਿੱਚ ਕੋਈ ਮੁੱਲ ਹੋਵੇ— ਸੱਚ ਦੀ ਪੁਕਾਰ ‘ਤੇ ਧਿਆਨ ਨਾ ਦੇਣਾ ਹਮੇਸ਼ਾ ਇਸ ਲਈ ਹੁੰਦਾ ਹੈ ਕਿ ਆਦਮੀ ਦੇ ਸਾਹਮਣੇ ਸਿਰਫ ਮੌਤ ਤੋਂ ਪਹਿਲਾਂ ਦਾ ਸੰਸਾਰ ਹੁੰਦਾ ਹੈ। ਜੇ ਆਦਮੀ ਮੌਤ ਦੇ ਬਾਅਦ ਦੇ ਸੰਸਾਰ ਨੂੰ ਦੇਖ ਲਵੇ ਤਾਂ ਅੱਜ ਹੀ ਉਹ ਉਸ ਰੱਬ ਦੇ ਅੱਗੇ ਝੁੱਕ ਜਾਵੇ, ਜਿਸਦੇ ਅੱਗੇ ਉਸਨੂੰ ਕੱਲ੍ਹ ਝੁੱਕਣਾ ਹੈ, ਜਦੋਂ ਕਿ ਕੱਲ੍ਹ ਦਾ ਝੁੱਕਣਾ ਕਿਸੇ ਦੇ ਕੋਈ ਕੰਮ ਨਾ ਆਵੇਗਾ।

## ਅੰਤਿਮ ਸ਼ਬਦ

ਇੱਕ ਘੰਟਾਘਰ ਕਿਸੇ ਚੌਰਾਹੇ ‘ਤੇ ਬਣਾਇਆ ਜਾਵੇ ਤਾਂ ਹਰ ਕੋਈ ਉਸ ਵਿੱਚ ਸਮਾਂ ਦੇਖਦਾ ਹੈ ਅਤੇ ਆਪਣੀਆਂ ਘੜੀਆਂ ਉਸ ਨਾਲ ਮਿਲਾਉਂਦਾ ਹੈ। ਕਿਸੇ

ਨੂੰ ਵੀ ਇਹ ਸੋਚਣ ਦਾ ਸਮਾਂ ਨਹੀਂ ਮਿਲਦਾ ਕਿ ਜਿਨ੍ਹਾਂ ਮਿਹਨਤਕਾਰਾਂ ਅਤੇ ਇੰਜੀਨੀਅਰਾਂ ਨੇ ਇਸ ਨੂੰ ਸਥਾਪਿਤ ਕੀਤਾ ਹੈ, ਉਹ ਮੁਸਲਮਾਨ ਸਨ ਜਾਂ ਗੈਰ-ਮੁਸਲਮਾਨ। ਆਪਣੀ ਕੌਮ ਦੇ ਸਨ ਜਾਂ ਕਿਸੇ ਹੋਰ ਕੌਮ ਦੇ ਜਾਂ ਇਹ ਕਿ ਇਸ ਵਿੱਚ ਜੋ ਘੜੀ ਲਗਾਈ ਗਈ ਹੈ, ਉਹ ਕਿੱਥੋਂ ਦੀ ਬਣੀ ਹੋਈ ਹੈ। ਆਪਣੇ ਦੇਸ਼ ਦੀ ਜਾਂ ਕਿਸੇ ਹੋਰ ਦੇਸ਼ ਦੀ। ਸਿਰਫ ਇਸ ਗੱਲ 'ਤੇ ਭਰੋਸਾ ਹੈ ਕਿ ਇਸ ਤੋਂ ਸਹੀ ਸਮਾਂ ਪਤਾ ਕੀਤਾ ਜਾ ਸਕਦਾ ਹੈ, ਹਰ ਆਦਮੀ ਨੂੰ ਉਸਦੇ ਵੱਲ ਆਕਰਸ਼ਿਤ ਕਰ ਦਿੰਦਾ ਹੈ। ਰੱਬੀ ਧਰਮ, ਵੀ ਸਾਰੇ ਇਨਸਾਨਾਂ ਦੀ ਰਹਿਨੁਮਾਈ ਲਈ ਇਸ ਤਰਾਂ ਦਾ ਇੱਕ 'ਘੰਟਾਘਰ' ਹੈ, ਪਰ ਇੱਥੇ ਅਜਿਹਾ ਨਹੀਂ ਹੁੰਦਾ ਕਿ ਲੋਕ ਇਸ ਨੂੰ ਦੇਖਣ ਅਤੇ ਆਪਣੇ ਲਈ ਮਾਰਗਦਰਸ਼ਨ ਪ੍ਰਾਪਤ ਕਰਨ।

ਇਸਦਾ ਕਾਰਨ ਕੀ ਹੈ? ਇਸਦਾ ਕਾਰਨ ਕੇਵਲ ਇੱਕ ਹੈ। ਲੋਕ ਸਮਾਂ ਜਾਣਨ ਲਈ ਗੰਭੀਰ ਹਨ, ਪਰੰਤੂ ਰੱਬੀ ਗੱਲਾਂ ਜਾਣਨ ਲਈ ਗੰਭੀਰ ਨਹੀਂ ਹਨ। ਰੱਬੀ ਧਰਮ ਦਾ ਸੰਬੰਧ ਅਗਲੇ ਜੀਵਨ ਦੇ ਮਾਮਲੇ ਨਾਲ ਹੈ ਅਤੇ ਘੜੀ ਦਾ ਸੰਬੰਧ ਵਰਤਮਾਨ ਜੀਵਨ ਦੇ ਮਾਮਲੇ ਨਾਲ। ਲੋਕਾਂ ਨੇ ਜਿਸ ਚੀਜ਼ ਨੂੰ ਆਪਣਾ ਮਕਸਦ ਬਣਾ ਰੱਖਿਆ ਹੈ, ਉਸਦੇ ਬਾਰੇ ਵਿੱਚ ਘੜੀ ਦੀ ਮਹੱਤਤਾ ਉਨ੍ਹਾਂ ਨੂੰ ਪਤਾ ਹੈ, ਪਰ ਅਗਲੇ ਜੀਵਨ ਵਿੱਚ ਸਫਲਤਾ ਨੂੰ ਉਨ੍ਹਾਂ ਨੇ ਆਪਣਾ ਮਕਸਦ ਹੀ ਨਹੀਂ ਬਣਾਇਆ, ਫਿਰ ਉਸ ਵਿੱਚ ਮਾਰਗਦਰਸ਼ਨ ਦੇਣ ਵਾਲੀ ਚੀਜ਼ ਦੀ ਮਹੱਤਤਾ ਦਾ ਅਹਿਸਾਸ ਉਨ੍ਹਾਂ ਨੂੰ ਕਿਉਂ ਹੋਵੇ?

ਫਿਰ ਰੱਬ ਭਗਤੀ ਦੀ ਮੰਗ ਕੇਵਲ ਇਹ ਨਹੀਂ ਹੈ ਕਿ ਇਸਨੂੰ ਮੰਨਿਆ ਜਾਵੇ, ਬਲਕਿ ਇਹ ਵੀ ਜ਼ਰੂਰੀ ਹੈ ਕਿ ਇਸਦੇ ਨਾਲ ਖ਼ੁਦ ਨੂੰ ਵੀ ਸ਼ਾਮਿਲ ਕੀਤਾ ਜਾਵੇ। ਰੱਬਭਗਤੀ ਆਪਣੀ ਅਸਲ ਹਕੀਕਤ ਦੇ ਨਜ਼ਰੀਏ ਨਾਲ ਇੱਕ ਅੰਦਰੂਨੀ ਹਾਲਤ ਦਾ ਨਾਮ ਹੈ, ਪਰ ਉਸਦੇ ਨਾਲ ਇੱਕ ਬਾਹਰੀ ਰੂਪ ਵੀ ਹੈ। ਰੱਬ ਦੀ ਪ੍ਰਾਪਤੀ ਕਿਸੇ ਵਿਅਕਤੀ ਲਈ ਬਹੁਤ ਪ੍ਰਭਾਵਸ਼ਾਲੀ ਅਤੇ ਸਭ ਤੋਂ

ਵੱਡੀ ਘਟਨਾ ਹੈ ਅਤੇ ਇੰਨੀ ਪ੍ਰਭਾਵਸ਼ਾਲੀ ਘਟਨਾ ਕਦੇ ਵੀ ਛੁਪੀ ਹੋਈ ਨਹੀਂ ਰਹਿ ਸਕਦੀ। ਜਦੋਂ ਕਿਸੇ ਵਿਅਕਤੀ ਨੂੰ ਸੱਚਾਈ ਮਿਲ ਜਾਂਦੀ ਹੈ ਤਾਂ ਉਹ ਜ਼ਰੂਰ ਜਾਹਿਰ ਹੋਵੇਗੀ। ਐਸਾ ਵਿਅਕਤੀ ਬਿਨਾਂ ਅਧਿਕਾਰ ਦੇ ਚਾਹੇਗਾ ਕਿ ਉਸਦਾ ਸਮੂਹੀ ਵਾਤਾਵਰਣ ਇਸ ਗੱਲ ਦਾ ਗਵਾਹ ਬਣ ਜਾਵੇ ਕਿ ਉਸਨੇ ਰੱਬ ਦੀ ਪੁਕਾਰ ਤੇ 'ਲਬਬੈਕ' [੮] ਕਿਹਾ ਅਤੇ ਉਸਨੇ ਸਵਾਰਥ ਅਤੇ ਹਿਤ ਦੀ ਮੂਰਤੀਆਂ ਨੂੰ ਤੋੜ ਕੇ ਉਸਦਾ ਸਾਥ ਦਿੱਤਾ। ਜੇ ਕੋਈ ਵਿਅਕਤੀ ਅੰਦਰੂਨੀ ਆਸਥਾ ਦਾ ਦਾਅਵੇਦਾਰ ਹੋਵੇ, ਪਰ ਉਹ ਘੋਸ਼ਣਾ ਅਤੇ ਪ੍ਰਗਟਾਵੇ ਤੋਂ ਪਰਹੇਜ਼ ਕਰਦਾ ਹੋਵੇ, ਤਾਂ ਹਕੀਕਤ ਵਿੱਚ ਇਹ ਇਸ ਗੱਲ ਦਾ ਸਬੂਤ ਹੈ ਕਿ ਉਹ ਸਵਾਰਥਾਂ ਦਾ ਸ਼ਿਕਾਰ ਹੈ ਅਤੇ ਜੋ ਲੋਕ ਰੱਬ ਦੀ ਤੁਲਨਾ ਵਿੱਚ ਆਪਣੇ ਹਿਤ ਨੂੰ ਤਰਜੀਹ ਦੇਣਗੇ, ਉਹ ਕਦੇ ਵੀ ਰੱਬ ਨੂੰ ਨਹੀਂ ਪਾਉਣਗੇ। ਹਿਤ ਅਤੇ ਪੱਖਪਾਤ ਰੱਬਭਗਤੀ ਦੇ ਵਿਰੋਧੀ ਹਨ। ਨੀਤੀ ਅਤੇ ਪੱਖਪਾਤ ਦੇ ਨਾਲ ਰੱਬਭਗਤੀ ਦਾ ਇੱਕ ਆਤਮਾ ਵਿੱਚ ਮੌਜੂਦ ਹੋਣਾ ਸੰਭਵ ਨਹੀਂ।

---

੮ ਖ਼ੁਦਾ ਦੀ ਖਿਦਮਤ ਵਿਚ ਹਾਜ਼ਰ ਹੋਣਾ।

# ਸੱਚਾ ਰਾਹ

ਮੌਜੂਦਾ ਹਾਲਾਤ ਵਿੱਚ ਇਹ ਲੱਗਦਾ ਹੈ ਕਿ ਸਫ਼ਲ ਵਿਅਕਤੀ ਉਹੀ ਹੈ, ਜਿਸ ਨੇ ਵਰਤਮਾਨ ਸੰਸਾਰ ਵਿੱਚ ਆਪਣੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਹੋਈਆਂ ਹਨ, ਪਰੰਤੂ ਮੌਤ ਇਸ ਝੂਠ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਵੇਗੀ। ਇਸ ਤੋਂ ਬਾਅਦ ਅਚਾਨਕ ਇਹ ਪਤਾ ਚਲੇਗਾ ਕਿ ਉਹੀ ਵਿਅਕਤੀ ਮਜ਼ਬੂਤ ਬੁਨਿਆਦ 'ਤੇ ਖੜ੍ਹਿਆ ਹੋਇਆ ਸੀ, ਜਿਸ ਨੂੰ ਸੰਸਾਰ ਵਾਲਿਆਂ ਨੇ ਬੇਬੁਨਿਆਦ ਸਮਝ ਲਿਆ ਸੀ ਅਤੇ ਉਨਾਂ ਸਾਰੇ ਲੋਕਾਂ ਦੀ ਕੋਈ ਹਕੀਕਤ ਹੀ ਨਹੀਂ ਸੀ, ਜੋ ਮੌਤ ਤੋਂ ਪਹਿਲਾਂ ਦੇ ਹਾਲਾਤ ਵਿੱਚ ਪ੍ਰਤੱਖ ਰੂਪ ਤੋਂ ਬਰਾਬਰ ਜਾਂ ਵਿਕਾਸ ਦੀ ਉਚਾਈਆਂ 'ਤੇ ਬੈਠੇ ਹੋਏ ਦਿਖਾਈ ਦਿੰਦੇ ਹਨ।

ਮੌਲਾਨਾ ਵਹੀਦੁੱਦੀਨ ਖ਼ਾਨ 'ਸੈਂਟਰ ਫਾਰ ਪੀਸ ਐਂਡ ਸਪ੍ਰੀਚੁਏਲਿਟੀ', ਨਵੀਂ ਦਿੱਲੀ ਦੇ ਸੰਸਥਾਪਕ ਹਨ। ਮੌਲਾਨਾ ਦਾ ਮੰਨਣਾ ਹੈ ਕਿ ਸਿੱਕੇ ਦੇ ਦੋ ਪਹਿਲੂ ਹਨ : ਅਧਿਆਤਮਿਕਤਾ ਸ਼ਾਂਤੀ ਦੀ ਅੰਦਰੂਨੀ ਸੰਤੁਸ਼ਟੀ ਹੈ ਅਤੇ ਸ਼ਾਂਤੀ ਅਧਿਆਤਮਿਕਤਾ ਦਾ ਬਾਹਰੀ ਇਜ਼ਹਾਰ। ਵਿਸ਼ਵ-ਸ਼ਾਂਤੀ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਦੇ ਲਈ ਉਨ੍ਹਾਂ ਨੂੰ ਅੰਤਰਰਾਸ਼ਟਰੀ ਸਥਾਨ ਤੇ ਪਹਿਚਾਣ ਪ੍ਰਾਪਤ ਹੈ।

ISBN 978-93-89766-53-0

9 789389 766530

Goodword Books
CPS International